# ਸ੍ਰੀ ਗੁਰੂ ਅਰਜਨ ਦੇਵ ਜੀ

(ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੀ 400 ਸਾਲਾ ਜਨਮ ਸ਼ਤਾਬਦੀ ਨੂੰ ਸਮਰਪਿਤ)

**ਡਾ. ਸੋਨਦੀਪ ਮੋਂਗਾ**

ਪ੍ਰੋਫੈਸਰ ਅਤੇ ਮੁਖੀ, ਸੰਨੀ ਓਬਰਾਏ ਵਿਵੇਕ ਸਦਨ: ਐਡਵਾਂਸ ਇੰਸਟੀਚਿਊਟ ਆਫ ਸੋਸ਼ਲ ਸਾਇੰਸਜ਼,ਸ੍ਰੀ ਅਨੰਦਪੁਰ ਸਾਹਿਬ

**ਅਮੂਰਤ**

ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੀ ਅਗਵਾਈ ਵਿੱਚ ਸਿੱਖ ਆਦਰਸ਼ਵਾਦ ਦੇ ਸੰਸਥਾਗਤ ਸਰੂਪ ਨੂੰ ਨਵੀਆਂ ਸੰਭਾਵਨਾਵਾਂ ਮਿਲੀਆ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਹਿੰਦੁਸਤਾਨ ਦੇ ਧਾਰਮਿਕ ਇਤਿਹਾਸ ਵਿੱਚ ਇੱਕ ਨਵਾਂ ਕਾਂਡ ਰਚ ਗਈ। ਭਾਰਤੀ ਧਰਮਾਂ ਦੇ ਇਤਿਹਾਸ ਵਿੱਚ ਗੁਰੂ ਅਰਜਨ ਦੇਵ ਜੀ ਸਭ ਤੋਂ ਪਹਿਲੇ ਸ਼ਹੀਦ ਸਨ ਜਿਨਾਂ ਨੇ ਸਿਦਕ ਤੇ ਸਿਰੜ ਨਾਲ ਦੇਹ ਤਿਆਗ ਕੀਤਾ। ਤੱਤੀ ਤਵੀ ਤੇ ਬੈਠ ਕੇ ਵੀ ਅਕਾਲ ਪੁਰਖ ਦਾ ਸ਼ੁਕਰ ਕੀਤਾ ਤੇ ਭਾਣੇ ਨੂੰ ਮਿੱਠਾ ਕਰਕੇ ਮੰਨਿਆ। ਭਾਰਤੀ ਇਤਿਹਾਸ ਦੀ ਇਸ ਅਨੋਖੀ ਘਟਨਾ ਦੇ ਪਿਛੋਕੜ ਵਿੱਚ ਕਿਹੋ ਜਿਹੀ ਸ਼ਖਸੀ ਉਸਾਰੀ ਦੀ ਮਿਸਾਲ ਸੀ ਕਿ ਕਿਸੇ ਆਗੂ ਨੇ ਪਹਿਲੀ ਵਾਰ ਧਾਰਮਿਕ ਆਦਰਸ਼ ਲਈ ਸੀਸ ਦਿੱਤਾ ਸੀ ਇਹ ਪ੍ਰੇਰਨਾਦਾਇਕ ਪ੍ਰਸੰਗ ਹੈ। ਸਿੱਖ ਧਰਮ ਵਿੱਚ ਮੁਢੋਂ ਹੀ ਸਿਰੜ ਤੇ ਕੁਰਬਾਨੀ ਦੇ ਮਹਤੱਵਪੂਰਨ ਜ਼ਜਬਿਆਂ ਨੂੰ ਮੌਤ ਜਾਂ ਕਾਇਰਤਾ ਨਾਲ ਨਹੀਂ ਸਗੋਂ ਧਰਮ ਯੁੱਧ ਤੇ ਸਮਾਜਿਕ ਸੁਰੱਖਿਆ ਲਈ ਵਰਤਿਆ ਗਿਆ। ਗੁਰੂ ਨਾਨਕ ਨੇ ਸਿੱਖ ਆਦਰਸ਼ ਦੀ ਨੀਂਹ ਮਨੁੱਖਤਾ ਲਈ ਕੁਰਬਾਨੀ ਦੇ ਜ਼ਜਬੇ ਨਾਲ ਰੱਖੀ ਸੀ। ਇਸ ਧਰਮ ਵਿੱਚ ਦਾਖਲਾ ਸੀਸ ਤਲੀ ਤੇ ਰੱਖ ਕੇ ਹੀ ਮਿਲਦਾ ਹੈ ਕਿ 'ਜਉ ਤਉ ਪ੍ਰੇਮ ਖੇਲਣ ਕਾ ਚਾਉ ਸਿਰ ਧਰਿ ਤਲੀ ਗਲੀ ਮੇਰੀ ਆਉ' ਗੁਰੂ ਅਰਜਨ ਦੇਵ ਜੀ ਨੇ ਇਸੇ ਪਰੰਪਰਾ ਨੂੰ ਗੌਰਵ ਪ੍ਰਦਾਨ ਕੀਤਾ। ਉਹਨਾਂ ਦਾ ਪੂਰਾ ਜੀਵਨ ਘਟਨਾਕ੍ਰਮ ਇੱਕ ਅਧਿਆਤਮ ਲਕਸ਼ ਵੱਲ ਵੱਧਦਾ ਵਿਖਾਈ ਦਿੰਦਾ ਹੈ, ਜਿਹਨਾਂ ਦੀ ਧੁਰ-ਕੇਂਦਰਿਤ ਆਤਮਿਕਤਾ ਪਰਮਾਤਮ ਗੁਣਾਂ ਦਾ ਪਸਾਰਾ ਕਰਦੀ ਸੰਸਾਰ ਵਿੱਚ ਵਿਚਰ ਰਹੀ ਸੀ ਅਤੇ ਸੁਚੇਤਨਾ ਦੀ ਪ੍ਰਬਲਤਾ ਵਜੋਂ ਸੰਵੇਦਨਸ਼ੀਲਤਾ ਪ੍ਰਤੱਖ ਰੂਪ ਵਿੱਚ ਪ੍ਰਭਾਵਸ਼ਾਲੀ ਸੀ।

**ਕੂੰਜੀ-ਸ਼ਬਦ:** ਗੁਰੂ ਅਰਜਨ ਦੇਵ ਜੀ, ਅਧਿਆਤਮਕ ਲਕਸ਼, ਪਰਮਾਤਮਾ, ਰੂਹਾਨੀ ਸ਼ਖ਼ਸੀਅਤ, ਗੁਰੂ ਗ੍ਰੰਥ ਸਾਹਿਬ।

ਮਨੁੱਖ ਇਸ ਕਾਇਨਾਤ ਦੀ ਉੱਤਮ ਰਚਨਾ ਹੈ। ਪਰਮਾਤਮਾ ਨੇ ਹਰ ਮਨੁੱਖ ਵਿੱਚ ਪ੍ਰਵਾਹਿਤ ਚੇਤਨਾ ਭਰ ਉਸ ਨੂੰ ਵਿਲੱਖਣ ਆਤਮਿਕ ਇਕਾਈ ਪ੍ਰਦਾਨ ਕੀਤੀ ਹੈ। ਇਸੇ ਚੇਤੰਨ ਇਕਾਈ ਦੀ ਵਿਵੇਕਸ਼ੀਲ ਗਤੀ ਤੋਂ ਸ਼ਖ਼ਸੀਅਤ ਵਿਗਸਦੀ ਹੈ। ਇਸ ਦਾ ਵਿਕਾਸ ਮਨੁੱਖ ਦੇ ਨਿੱਜੀ ਅਨੁਭਵ ਦੁਆਰਾ ਗ੍ਰਹਿਣ ਕੀਤੀ ਮਨੋਪ੍ਰਵਿਰਤੀ ਅਤੇ ਬਾਹਰੀ ਗੁਣਾਂ ਦੇ ਵੱਖੋ-ਵੱਖਰੇ ਪ੍ਰਗਟਾ ਢੰਗਾਂ ਰਾਹੀਂ ਹੁੰਦਾ ਹੈ, ਜੋ ਕਿ ਹਰ ਮਨੁੱਖ ਨੂੰ ਆਪਣੇ ਆਪ ਵਿੱਚ ਅਨੋਖੇ ਅਤੇ ਵੱਖਰੇ ਤੌਰ ਤੇ ਪੇਸ਼ ਕਰਦਾ ਹੈ। ਇਨਸਾਈਕਲੋਪੀਡੀਆ ਆਫ ਬਿਰਟੈਨਿਕਾ ਅਨੁਸਾਰ "ਸ਼ਖ਼ਸੀਅਤ ਦੇ ਅਧਿਐਨ ਲਈ ਮੁੱਢਲੇ ਤੌਰ ਤੇ ਵਿਅਕਤੀਗਤ ਵਿਸ਼ੇਸ਼ਤਾਈਆਂ, ਸੰਬੰਧਿਤ ਵਰਤਾਰੇ ਦੇ ਨਮੂਨੇ, ਮਨੁੱਖੀ ਚਾਲ-ਢਾਲ, ਬਾਣੀ-ਬਚਨ ਤੇ ਜੀਵਨ-ਸ਼ੈਲੀ ਦੇ ਪ੍ਰਗਟਾਅ ਢੰਗ ਦੇ ਵਖਰੇਵੇਂ ਲਏ ਜਾਂਦੇ ਹਨ ਕਿ ਕਿਵੇਂ ਲੋਕ ਆਪਣੇ ਪ੍ਰਗਟਾਵੇ ਦੇ ਤੌਰ-ਤਰੀਕੇ ਤੇ ਵਖਰੇਵੇਂ ਦਰਸਾਉਂਦੇ ਹਨ। ਮਨੋਵਿਗਿਆਨ ਦੇ ਅੰਤਰਗਤ ਇਸੇ ਤਰ੍ਹਾਂ ਦੀਆਂ ਹੋਰ ਪ੍ਰਣਾਲੀਆਂ ਜਿਵੇਂ ਸੁਚੇਤਨਾ, ਸੋਚਣੀ ਅਤੇ ਉਤਸ਼ਾਹ ਨੂੰ ਲੈ ਕੇ ਵੇਖਿਆ ਜਾਂਦਾ ਹੈ ਕਿ ਕਿਸ ਤਰ੍ਹਾਂ ਇਹ ਸਾਰੇ ਵਖਰੇਵੇਂ ਇਕਜੁਟਤਾ ਦਰਸਾਉਂਦੇ ਹਨ ਤੇ ਜਿਸ ਨਾਲ ਹਰੇਕ ਵਿਅਕਤੀ ਨੂੰ ਵੱਖਰੀ ਸ਼ਖ਼ਸੀਅਤ ਅਤੇ ਪਹਿਚਾਣ ਦਿੱਤੀ ਜਾ ਸਕੇ।"[1] ਭਾਵੇਂ ਇਹ ਇੱਕ ਨਿੱਜੀ

ਅਭਿਵਿਅਕਤੀ ਹੈ, ਪਰ ਇਸ ਵਿੱਚ ਕਿਸੇ ਵਿਅਕਤੀ ਵਿਸ਼ੇਸ਼ ਦਾ ਸਾਰਾ ਚੇਤਨਾ ਪ੍ਰਵਾਹ, ਅਨੁਭਵ ਕੀਤੀਆਂ ਸਾਰੀਆਂ ਸੰਵੇਦਨਾਵਾਂ ਅਤੇ ਪ੍ਰਾਪਤ ਕੀਤੇ ਸਾਰੇ ਪ੍ਰਭਾਵ ਸ਼ਾਮਲ ਰਹਿੰਦੇ ਹਨ। ਇਨ੍ਹਾਂ ਦੀ ਇਕਸੁਰਤਾ ਸਦਕਾ ਸ਼ਖ਼ਸੀਅਤ ਵਿੱਚ ਇੱਕ ਅਜਿਹੀ ਤਾਕਤ ਅਤੇ ਮਜ਼ਬੂਤੀ ਆ ਜਾਂਦੀ ਹੈ ਕਿ ਇਹ ਬਦਲਦੀਆਂ ਹਾਲਤਾਂ ਦਾ ਮੁਕਾਬਲਾ ਕਰ ਸਕਦੀ ਹੈ। ਇਹੀ ਪ੍ਰਭਾਵ ਰੂਪਾਂਤਰਿਤ ਹੋ ਕੇ ਕਿਸੇ ਸ਼ਖਸ ਦੇ ਵਿਕੋਲਿਤਰੇ ਪ੍ਰਭਾਵ ਬਣ ਜਾਂਦੇ ਹਨ। ਇਹ ਪ੍ਰਭਾਵ ਕਈ ਤਰ੍ਹਾਂ ਦੇ ਹੋ ਸਕਦੇ ਹਨ, ਜਿਵੇਂ ਧਾਰਮਿਕ, ਰਾਜਨੀਤਿਕ, ਵਿੱਦਿਅਕ, ਵਿਗਿਆਨਕ, ਆਰਥਿਕ ਅਤੇ ਕਲਾਤਮਕ ।

ਕਿਸੇ ਵੀ ਸ਼ਖ਼ਸ ਦਾ ਦਰਜੇਵਾਰ ਵਿਕਾਸ ਚੌਪਾਸੀ ਪਰਸਥਿਤੀਆਂ ਨਿਸ਼ਚਿਤ ਕਰਦੀਆਂ ਹਨ। ਉਸ ਦਾ ਪਰਿਵਾਰਿਕ ਵਿਰਸਾ ਤੇ ਮਾਹੌਲ, ਸਮਾਜਿਕ ਪਰਿਪੇਖ ਪ੍ਰਭਾਵਿਤ ਸਭਿਆਚਾਰਕ ਕਦਰਾਂ-ਕੀਮਤਾਂ, ਧਾਰਮਿਕ ਵਿਸ਼ਵਾਸ, ਸਮੇਂ ਦੀ ਉਥਲ-ਪੁਥਲ, ਆਰਥਿਕ ਸਥਿਤੀਆਂ ਤੇ ਰਾਜਸੀ ਮਾਹੌਲ, ਨਿਆਂ ਪ੍ਰਬੰਧ ਅਤੇ ਕੌਮਾਂਤਰੀ ਲਹਿਰਾਂ ਇਹ ਸਭ ਕੁਝ ਉਸ ਨੂੰ ਪੂਰੀ ਤਰ੍ਹਾਂ ਪ੍ਰਭਾਵਿਤ ਕਰਦਾ ਹੈ। ਇਸ ਤਰ੍ਹਾਂ ਦੇ ਕਾਲਕ੍ਰਮੀ ਅਸਰ ਉਸ ਦੀ ਸ਼ਖ਼ਸੀਅਤ ਦੇ ਪ੍ਰਗਟਾਵੇ ਵਿੱਚੋਂ ਸਾਫ਼ ਝਲਕਦੇ ਹਨ। ਇਨ੍ਹਾਂ ਪ੍ਰਤੀ ਸਹਿਣਸ਼ੀਲਤਾ ਤੇ ਇਨ੍ਹਾਂ ਸੰਬੰਧੀ ਮੁਸ਼ਕਿਲਾਂ ਤੋਂ ਉਭਰਣ ਦੀ ਪ੍ਰਗਟਾ ਸ਼ਕਤੀ ਦੇ ਨਾਲ ਹੀ ਹੱਲ ਵਜੋਂ ਯੋਗਤਾ ਸਹਿਤ ਕੀਤੇ ਉਪਰਾਲੇ ਹੀ ਕਿਸੇ ਸ਼ਖ਼ਸ ਨੂੰ ਪ੍ਰਭਾਵਸ਼ਾਲੀ ਸਿੱਧ ਕਰਦੇ ਹਨ।

ਗੁਰਬਖ਼ਸ਼ ਸਿੰਘ ਪ੍ਰੀਤਲੜੀ ਇਨ੍ਹਾਂ ਪ੍ਰਭਾਵਾਂ ਦੀ ਕੀਮਤ ਦਰਸਾਉਂਦੇ ਕਹਿੰਦੇ ਹਨ ਕਿ "ਮਨੁੱਖੀ ਜ਼ਿੰਦਗੀ ਦਾ ਸਹੀ ਅਤੇ ਸੁੱਚਾ ਸਿੱਕਾ ਸ਼ਖ਼ਸੀਅਤ ਹੈ। ਇਸ ਦੀ ਕੀਮਤ ਸਭ ਥਾਂ ਪੱਕੀ ਤੇ ਅਡੋਲ ਹੈ। ਇਹ ਚੰਗੇ ਅਸੂਲਾਂ ਉੱਤੇ ਕੀਤੇ ਚੰਗੇ ਅਮਲਾਂ ਦਾ ਫ਼ਲ ਹੁੰਦੀ ਹੈ। ਇਹ ਇੱਕ ਸ਼ਕਤੀ ਹੈ, ਜਿਸ ਦਾ ਅਸਰ ਰੋਕਿਆ ਨਹੀਂ ਜਾ ਸਕਦਾ।"[2] ਨਿਸ਼ਚਿਤ ਰੂਪ ਵਿੱਚ ਇਹ ਸ਼ਕਤੀ ਪ੍ਰਭਾਵਸ਼ਾਲੀ ਸਿੱਧ ਹੁੰਦੀ ਹੈ, ਪਰ "ਸਵੈ-ਨਿਰਦੇਸ਼ਿਤ ਕਾਇਦੇਮੰਦ, ਅਰਥ ਭਰਪੂਰ ਕਰਮ ਨਾਲ ਹੀ ਸ਼ਖ਼ਸੀਅਤ ਵਿੱਚ ਪ੍ਰਭਾਵ ਲਿਆਇਆ ਜਾ ਸਕਦਾ ਹੈ।"[3] ਬੇਸ਼ਕ ਸ਼ਖ਼ਸੀ ਅੰਤਰੀਵਤਾ, ਸ਼ੁਭਤਾ ਦੀ ਸੰਪੂਰਣਤਾ ਦਾ ਸੋਮਾ ਹੈ ਤੇ ਸ਼ਖਸੀ ਹੋਂਦ ਦਾ ਪ੍ਰਗਟਾਵਾ, ਜਿਸ ਨੂੰ ਮਨੁੱਖੀ ਚੇਤਨ-ਅਵਚੇਤਨ ਮਿਲ ਕੇ ਘੜ੍ਹਦੇ ਹਨ, ਜੋ ਕਿ ਮੁਸ਼ਕਲ ਇੱਛਾਵਾਂ ਦੀ ਪੂਰਤੀ ਵਿੱਚ ਵੀ ਸਹਾਇਕ ਹੋ ਸਕਦੀ ਹੈ।[4]

ਪਰੰਤੂ ਰੂਹਾਨੀ ਸ਼ਖ਼ਸੀਅਤਾਂ ਦਾ ਸਾਂਚਾ ਵੱਖਰੀ ਕਿਸਮ ਦਾ ਹੁੰਦਾ ਹੈ, ਉਹਨਾਂ ਦੀ ਜੀਵਨਕਾਰ, ਘਾਲਣਾ-ਪਥ ਤੇ ਚਰਮ ਲਕਸ਼ ਧੁਰ-ਨਿਰਦੇਸ਼ਿਤ ਹੁੰਦੇ ਹਨ, ਜਿਹਨਾਂ ਨੂੰ ਉਹ ਸਵੈ ਕਰਮ ਦੁਆਰਾ ਸਿੱਧ ਕਰਦੀਆਂ ਹਨ। ਕਿਉਂਕਿ ਆਪਣੇ ਸ਼ੁਭ ਸ਼ਖ਼ਸੀ ਗੁਣਾਂ ਤੇ ਕਰਮ-ਅਮਲਾਂ ਰਾਹੀਂ ਉਹਨਾਂ ਨੂੰ ਪਰਮਾਤਮਾ ਦੀ ਨੇੜਤਾ ਹਾਸਿਲ ਹੁੰਦੀ ਹੈ। ਧੁਰ ਕੇਂਦਰਿਤ ਹੋਣ ਕਰਕੇ ਉਹਨਾਂ ਦਾ ਆਤਮਿਕ ਵਿਕਾਸ ਅਸਚਰਜ ਪ੍ਰਭਾਵ ਦਿੰਦਾ ਹੈ, ਕਿਉਂਕਿ ਹਰ ਸ਼ਖ਼ਸ ਵਿੱਚ ਇਹ ਪਰਵਿਰਤੀ ਇੰਨੀ ਪ੍ਰਬਲ ਨਹੀਂ ਹੁੰਦੀ, ਪਰ ਵਰਨਣਯੋਗ ਹੈ ਕਿ ਉਹ ਕਿਹੜੇ ਸ਼ਖ਼ਸੀ ਗੁਣ ਹਨ, ਜੋ ਕਿਸੇ ਸ਼ਖ਼ਸੀਅਤ ਦੀ ਬਣਤਰ-ਸਮੱਗਰੀ ਬਣਦੇ ਹਨ ਅਤੇ ਉਨ੍ਹਾਂ ਗੁਣਾਂ ਤੋਂ ਉਤਪੰਨ ਵਿਲੱਖਣਤਾ ਦਾ ਦਰਜ਼ਾ ਕੀ ਹੈ ਅਤੇ ਉਹ ਕਿਸ ਪ੍ਰਕਾਰ ਦੀ ਹੋ ਸਕਦੀ ਹੈ?

ਇਨਸਾਈਕਲੋਪੀਡਿਆ ਆਫ ਬਿਰਟੈਨਿਕਾ ਅਨੁਸਾਰ, "ਸ਼ਖ਼ਸੀਅਤ ਦਾ ਅਧਿਐਨ ਸਥਿਰ ਮਨੁੱਖੀ ਮਨੋਵਿਗਿਆਨਕ ਵਿਸ਼ੇਸ਼ਤਾਈਆਂ ਦਾ ਵਰਨਣ ਤੇ ਵਰਗੀਕਰਣ ਦਰਸਾਉਂਦਾ ਹੈ।"[5] ਮਨੁੱਖੀ ਵਿਸ਼ੇਸ਼ਤਾਈਆਂ ਅਤੇ ਗੁਣਾਂ ਦੀ ਤਰਤੀਬ ਤੇ ਵਰਗੀਕਰਣ ਦਾ ਬਿਆਨ ਹੋਵੇ ਤਾਂ ਬਹੁਤ ਸਾਰੀਆਂ ਮਾਨਵੀ ਖ਼ੂਬੀਆਂ ਜਿਵੇਂ ਕਲਪਨਾ, ਸ਼ਕਤੀ, ਕਲਾਤਮਕਤਾ, ਸੁਹਜ, ਬੁੱਧੀ, ਬਲ, ਸੰਵੇਦਨਸ਼ੀਲਤਾ ਕੁਦਰਤੀ ਰੂਪ ਵਿੱਚ ਸੁਭਾਇਮਾਨ ਨਜ਼ਰ ਆਉਂਦੀਆਂ ਹਨ, ਪਰ ਇਨ੍ਹਾਂ ਵਿੱਚ ਮਨੁੱਖ ਦੇ ਆਪਣੇ ਹਾਵ-ਭਾਵ ਅਤੇ ਉਪਰਾਲੇ ਵੀ ਸ਼ਾਮਲ ਹੁੰਦੇ ਹਨ ਜਿਵੇਂ ਸਿਰਜਣਾਤਮਕ ਰੁਚੀ, ਨਿਡਰਤਾ, ਨਿਰਭੈਤਾ, ਵਿਵੇਕਸ਼ੀਲਤਾ, ਯਤਨਸ਼ੀਲਤਾ, ਪਰਉਪਕਾਰ, ਵਿਹਾਰਕਤਾ ਅਤੇ ਸਮਾਜਿਕਤਾ। ਇਨ੍ਹਾਂ ਗੁਣਾਂ ਅਨੁਸਾਰ ਕਰਮ ਅਤੇ ਇਨ੍ਹਾਂ ਦਾ ਨਿੱਖੜਵਾਂਪਣ ਮਨੁੱਖ ਦੇ

ਆਪਣੇ ਨਿੱਜੀ ਯਤਨ ਹੁੰਦੇ ਹਨ। ਇਨ੍ਹਾਂ ਯਤਨਾਂ ਸਦਕਾ ਹੀ ਇਹ ਮਨੁੱਖੀ ਵਿਸ਼ੇਸ਼ਤਾਈਆਂ ਦੇ ਤੌਰ ਤੇ ਉਸ ਦੀ ਸ਼ਖ਼ਸੀਅਤ ਦੇ ਪਹਿਚਾਣ-ਤੱਤ ਬਣਦੇ ਹਨ। ਇਹ ਚੰਗਿਆਈ ਅਤੇ ਉੱਤਮਤਾ ਦੀ ਪਰਿਭਾਸ਼ਾ ਬਣਦੇ ਹਨ, ਕਿਉਂਕਿ ਇਹ ਬੁਰਾਈ ਦਾ ਖੰਡਨ ਅਤੇ ਉਸ ਨਾਲੋਂ ਅੰਤਰ ਸਪੱਸ਼ਟ ਵੀ ਕਰਦੇ ਹਨ। ਇਹ ਮਨੁੱਖੀ ਸ਼ਖ਼ਸੀਅਤ ਦੀ ਘਾੜਤ ਦੇ ਪਹਿਲੇ ਖਰਚੇ ਹੁੰਦੇ ਹਨ। ਇਨ੍ਹਾਂ ਸਦਕਾ ਮਨੁੱਖ 'ਆਦਰਸ਼ ਮਨੁੱਖ' ਵਜੋਂ ਜਾਣਿਆ ਜਾਂਦਾ ਹੈ, ਕਿਉਂਕਿ ਸ਼ਖ਼ਸੀਅਤ ਮਨੁੱਖ ਦੇ ਆਤਮਿਕ ਵਿਕਾਸ ਦੀ ਵੀ ਮੁੱਢਲੀ ਇਕਾਈ ਹੈ, ਜਿਸ ਨੂੰ ਆਦਰਸ਼ਵਾਦਿੱਤਾ ਅਤੇ ਉੱਤਮਤਾ ਦੀ ਪਹਿਲੀ ਪੈੜ ਮੰਨਿਆ ਜਾਂਦਾ ਹੈ, ਜੋ ਕਿ ਹਮੇਸ਼ਾਂ ਮਾਨਵ ਜੀਵਨ ਤੇ ਜਗਤ ਲਈ ਕਲਿਆਣਕਾਰੀ ਸਿੱਧ ਹੁੰਦੀ ਹੈ। ਇਸ ਤਰਾਂ ਦੇ ਸ਼ਖ਼ਸੀ ਗੁਣਾਂ ਦਾ ਧਾਰਨੀ ਮਨੁੱਖ ਸੰਸਾਰ ਦੇ ਸਮਾਜਿਕ ਢਾਂਚੇ ਵਿੱਚ ਤਾਂ ਸਨਮਾਨਯੋਗ ਮੰਨਿਆ ਜਾਂਦਾ ਹੈ, ਉਸ ਤੋਂ ਇਲਾਵਾ ਆਤਮਿਕ ਤੌਰ ਤੇ ਵੀ ਉੱਤਮ ਅਤੇ ਆਦਰਸ਼ ਮਨੁੱਖ ਦਾ ਦਰਜਾ ਪਾਉਣਯੋਗ ਹੁੰਦਾ ਹੈ। ਇਸੇ ਪਰਵਿਰਤੀ ਦੇ ਧਾਰਨੀ ਮਨੁੱਖ ਮਹਾਂਪੁਰਸ਼ ਜਾਂ ਉੱਤਮ ਸ਼ਖ਼ਸੀਅਤ ਦੇ ਤੌਰ ਤੇ ਜਾਣੇ ਜਾਂਦੇ ਹਨ, ਇਹਨਾਂ ਦੀ ਆਤਮਿਕਤਾ ਸਹਿਜੇ ਹੀ ਪਰਮਾਤਮ ਹੁਕਮ ਅਧੀਨ ਹੋ ਜਾਂਦੀ ਹੈ। ਦਲੀਪ ਸਿੰਘ ਲਿਖਦੇ ਹਨ ਕਿ "Those who reflect their mind on the Divine and lead a life under the guidance of the Divine commands lead a rational, moral and happy life. The blessed ones completely efface their mind and merge it in the Divine in them and make God as the does in them, in place of their self or mind."[6]

ਇਸ ਤਰ੍ਹਾਂ ਸ਼ਖ਼ਸੀ ਵਿਲੱਖਣਤਾ ਅਤੇ ਰੂਹਾਨੀਅਤ ਉਜਾਗਰ ਹੁੰਦੀ ਹੈ। ਪਰਮਾਤਮਾ ਨਾਲ ਸਾਂਝ ਦਾ ਮਾਰਗ ਦ੍ਰਿਸ਼ਟੀਗੋਚਰ ਹੁੰਦਾ ਹੈ, ਆਤਮਿਕ ਸ਼ਕਤੀ, ਸ਼ਾਂਤੀ ਅਤੇ ਸੰਪੂਰਣਤਾ ਪ੍ਰਵਾਹਿਤ ਹੁੰਦੀ ਹੈ। ਮਨੁੱਖ ਦਾ ਚਰਮ ਲਕਸ਼ 'ਮੁਕਤੀ' ਪ੍ਰਾਪਤ ਹੋ ਜਾਂਦੀ ਹੈ। ਸਰੀਰਕ ਕੁਰਬਾਨੀ ਵੀ ਤੁੱਛ ਕਰਮ ਜਾਪਦੀ ਹੈ। ਜਗਤ ਅਤੇ ਪ੍ਰਕਿਰਤੀ ਪ੍ਰਤਿ ਸੂਝਵਾਨਤਾ ਪ੍ਰਾਪਤ ਹੁੰਦੀ ਹੈ। ਇਸ ਦੇ ਪਸਾਰੇ ਪ੍ਰਤਿ ਸੰਵੇਦਨਸ਼ੀਲਤਾ ਦੇ ਭਾਵ ਉਤਪੰਨ ਹੁੰਦੇ ਹਨ। ਸਿਰਜਣਾਤਮਕ ਭਾਵਨਾਵਾਂ ਅਤੇ ਉੱਤਮ ਕਰਮ ਦੇ ਯਤਨ ਸਰਗਰਮ ਹੁੰਦੇ ਹਨ। ਹਰ ਤਰ੍ਹਾਂ ਦੀਆਂ ਨਿਪੁੰਨ ਕਲਾਵਾਂ ਦਾ ਨਿਕਾਸ ਹੁੰਦਾ ਹੈ, ਜਿਸ ਤੋਂ ਮਹਾਨ ਜੀਵਨ ਦਰਸ਼ਨ ਅਤੇ ਦ੍ਰਿਸ਼ਟੀਕੋਣ ਸਾਹਮਣੇ ਆਉਂਦੇ ਹਨ। ਸੰਰਚਨਾਵਾਦੀ ਆਸ਼ੇ ਤੇ ਸਮਾਜਿਕ ਕਲਿਆਣਕਾਰੀ ਭਾਵਨਾਵਾਂ ਸਾਰਥਕ ਹੁੰਦੀਆਂ ਹਨ। ਇਸੇ ਤਰ੍ਹਾਂ ਦੀਆਂ ਸ਼ਖ਼ਸੀਅਤਾਂ ਇਤਿਹਾਸ ਅਤੇ ਪਰੰਪਰਾ ਵਿੱਚ ਯੁੱਗ ਪਲਟਾਊ ਤਾਕਤਾਂ, ਭਵਿੱਖ ਉਸਾਰੂ ਪ੍ਰੇਰਣਾ ਸ੍ਰੋਤ ਵਜੋਂ ਦਰਜ ਹੁੰਦੀਆਂ ਹਨ ਅਤੇ ਮਨੁੱਖੀ ਯਾਦ ਦੇ ਸੋਮਿਆਂ ਵਿੱਚ ਅਮਰ ਅਨੁਭੂਤੀ ਬਣਦੀਆਂ ਹਨ।

ਗੁਰੂ ਅਰਜਨ ਦੇਵ ਜੀ ਵੀ ਅਜਿਹੀ ਅਮਰ-ਅਨੁਭੂਤ ਸ਼ਖ਼ਸੀਅਤ ਸਨ, ਜੋ ਮਨੁੱਖੀ ਇਤਿਹਾਸ ਅਤੇ ਪਰੰਪਰਾ ਵਿੱਚ ਪਰਮ ਯਾਦ ਹਨ। ਉਹ ਇੱਕ ਰੱਬੀ ਗੁਣ ਭਰਪੂਰ ਰੂਹਾਨੀ ਸ਼ਖ਼ਸੀਅਤ ਸਨ। ਉਹਨਾਂ ਦਾ ਪੂਰਾ ਜੀਵਨ ਘਟਨਾਕ੍ਰਮ ਇੱਕ ਅਧਿਆਤਮ ਲਕਸ਼ ਵੱਲ ਵੱਧਦਾ ਵਿਖਾਈ ਦਿੰਦਾ ਹੈ, ਜਿਹਨਾਂ ਦੀ ਧੁਰ-ਕੇਂਦਰਿਤ ਆਤਮਿਕਤਾ ਪਰਮਾਤਮ ਗੁਣਾਂ ਦਾ ਪਸਾਰਾ ਕਰਦੀ ਸੰਸਾਰ ਵਿੱਚ ਵਿਚਰ ਰਹੀ ਸੀ ਅਤੇ ਸੁਚੇਤਨਾ ਦੀ ਪ੍ਰਬਲਤਾ ਵਜੋਂ ਸੰਵੇਦਨਸ਼ੀਲਤਾ ਪ੍ਰਤੱਖ ਰੂਪ ਵਿੱਚ ਪ੍ਰਭਾਵਸ਼ਾਲੀ ਸੀ।

ਉਹਨਾਂ ਨੂੰ ਇਹ ਰੂਹਾਨੀ ਸਬੱਬ ਵਿਰਸੇ ਵਿੱਚ ਮਿਲਿਆ ਸੀ। ਉਹਨਾਂ ਦਾ ਜਨਮ ਗੋਇੰਦਵਾਲ ਵਿਖੇ 1553 ਈ.[7] ਵਿੱਚ ਸੋਢੀ ਬੰਸ ਵਿੱਚੋਂ ਚੌਥੇ ਗੁਰੂ ਸਾਹਿਬਾਨ ਗੁਰੂ ਰਾਮ ਦਾਸ ਜੀ ਦੇ ਘਰ ਹੋਇਆ, ਜੋ ਕਿ ਤੀਸਰੇ ਗੁਰੂ ਸਾਹਿਬਾਨ ਅਮਰਦਾਸ ਜੀ ਦੇ ਜਵਾਈ ਸਨ। ਜਿੱਥੇ ਆਪ ਜੀ ਦੇ ਪਿਤਾ ਰਾਮ ਦਾਸ ਨਿਮਰ, ਰੱਬੀ ਪ੍ਰੇਮ ਅਤੇ ਗੁਰਮਤਿ ਹਲੀਮੀ ਦੇ ਧਾਰਨੀ ਸਨ, ਉੱਥੇ ਨਾਨਾ ਅਮਰਦਾਸ ਜੀ ਸ਼ਰਧਾਵਾਨ, ਪ੍ਰਭੂ-ਆਨੰਦ ਵਿਭੋਰ ਅਤੇ ਪੁਨੀਤ ਆਤਮਾ ਸਨ। ਇਹਨਾਂ ਦੋਹਾਂ ਦੀ ਪ੍ਰਕਾਸ਼ਵਾਨਤਾ ਹੀ ਆਪ ਦੀ ਸ਼ਖ਼ਸੀਅਤ ਵਿੱਚ ਸੁਭਾਇਮਾਨ ਸੀ। ਇੱਕੋਂ ਤੱਕ ਕੇ ਗੁਰੂ ਨਾਨਕ ਦੇ ਘਰ ਦੀ ਪੰਜਵੀਂ ਗੁਰ-ਗੱਦੀ ਆਪ ਨੂੰ ਆਪਣੇ ਨਾਨਾ ਜੀ ਦੇ ਵਰ ਨਾਲ ਹੀ ਪ੍ਰਾਪਤ ਹੋਈ, ਜਿਸ ਦੀ ਕਥਾ ਬਾਬਾ ਬੁੱਢਾ ਜੀ ਸੰਗਤ ਨੂੰ ਸੁਣਾਇਆ ਕਰਦੇ ਸਨ ਕਿ

ਆਪ ਬਚਪਨ ਤੋਂ ਹੀ ਹੋਣਹਾਰ ਦਿਖਾਈ ਦਿੰਦੇ ਸਨ। ਅਰਜਨ ਦੇਵ ਜੀ ਹਾਲੀਂ ਸਵਾ ਕੁ ਵਰ੍ਹੇ ਦੇ ਹੀ ਸਨ ਕਿ ਇੱਕ ਦਿਨ ਰੁੜ੍ਹਦੇ-ਰੁੜ੍ਹਦੇ ਗੁਰੂ ਅਮਰਦਾਸ ਜੀ ਦੀ ਗੱਦੀ ਉੱਤੇ ਚੜ੍ਹ ਬੈਠੇ, ਤਦ ਚੁੱਕਣ ਲੱਗਿਆਂ ਗੁਰੂ ਅਮਰਦਾਸ ਜੀ ਨੂੰ ਬਾਲ ਰੂਪ ਅਰਜਨ ਭਾਰੇ ਲੱਗੇ ਅਤੇ ਉਹਨਾਂ ਨੇ ਪਾਵਨ ਬਚਨ ਕੀਤੇ, ਦੋਹਿਤਾ ਬਾਣੀ ਕਾ ਬੋਹਥਾ।[8]

ਇਸੇ ਤਰ੍ਹਾਂ ਗੁਰੂ ਅਰਜਨ ਦੇਵ ਜੀ ਦੇ ਮਾਤਾ ਬੀਬੀ ਭਾਨੀ ਜੀ ਵੀ ਬੜੇ ਨੇਕ ਅਤੇ ਧਾਰਮਿਕ ਵਿਚਾਰਾਂ ਵਾਲੇ ਸਨ, ਜਿਨ੍ਹਾਂ ਦੇ ਤਪ, ਸਿਦਕ ਅਤੇ ਸ਼ਰਧਾ ਭਾਵ ਸਦਕਾ ਗੁਰਗੱਦੀ ਗੁਰੂ ਅਮਰਦਾਸ ਜੀ ਨੇ ਆਪਣੇ ਪੁੱਤਰਾਂ ਨੂੰ ਨਹੀਂ, ਸਗੋਂ ਜਵਾਈ ਨੂੰ ਦਿੱਤੀ। ਮਾਤਾ ਪਿਤਾ ਦਾ ਇਹ ਸਾਰਾ ਅਸਰ ਪ੍ਰਿਥੀ ਚੰਦ ਅਤੇ ਮਹਾਂਦੇਵ ਨੂੰ ਛੱਡ ਕੇ ਗੁਰੂ ਅਰਜਨ ਦੇਵ ਜੀ ਪਾਸ ਪੁੱਜ ਗਿਆ।[9]

ਅਧਿਆਤਮਕਤਾ ਦਾ ਪਹਿਲਾ ਪ੍ਰਗਟਾਵਾ ਕਿਸ਼ੋਰ ਅਵਸਥਾ ਵਿੱਚ ਆਪ ਨੇ ਪਿਤਾ ਗੁਰੂ ਦੀ ਬਿਰਹਾ ਵਿੱਚ ਹੀ ਕੀਤਾ, ਉਥੋਂ ਹੀ ਪਿਤਾ ਦਾ ਪ੍ਰਭਾਵ ਅਤੇ ਗੁਰੂ ਚਰਨਾਂ ਦੀ ਇੱਛਾ ਸਪੱਸ਼ਟ ਹੋ ਜਾਂਦੀ ਹੈ। ਜਿਥੇ ਉਹ ਆਗਿਆਕਾਰੀ ਪੁੱਤਰ ਹੋਣ ਕਰਕੇ ਲਾਹੌਰ ਰਿਸ਼ਤੇਦਾਰੀ ਵਿੱਚ ਹੱਥ ਵਟਾਉਣ ਚਲੇ ਗਏ ਤਾਂ ਵੈਰਾਗਮਈ ਚਿੱਠੀਆਂ ਰਾਹੀਂ ਪਿਤਾ ਨੂੰ ਆਪਣੀ ਮਨੋਸਥਿਤੀ ਪ੍ਰਗਟ ਕੀਤੀ ਅਤੇ ਗੁਰੂ ਪ੍ਰਤੀ ਤਾਂਘ ਦਰਸਾਈ।

ਮੇਰਾ ਮਨੁ ਲੋਚੈ ਗੁਰ ਦਰਸਨ ਤਾਈ ॥
ਬਿਲਪ ਕਰੇ ਚਾਤ੍ਰਿਕ ਕੀ ਨਿਆਈ ॥

..........................................

..........................................

ਹਉ ਘੋਲੀ ਜੀਉ ਘੋਲਿ ਘੁਮਾਈ
ਗੁਰ ਦਰਸਨ ਸੰਤ ਪਿਆਰੇ ਜੀਉ ॥[10]

ਭਾਵੇਂ ਉਹਨਾਂ ਦੀ ਬਾਲਕ-ਸਿੱਖਿਆ ਪ੍ਰਚਲਿਤ ਵਿਧੀ ਅਨੁਸਾਰ ਹੀ ਕੀਤੀ ਗਈ ਹੋਵੇਗੀ, ਵਿਦਵਾਨਾਂ ਨੇ ਲਿਖਿਆ ਹੈ ਕਿ ਨਾਨਾ ਜੀ ਦੀ ਨਿਗਰਾਨੀ ਵਿੱਚ ਅਤੇ ਹਦਾਇਤ ਅਨੁਸਾਰ ਬਾਬਾ ਬੁੱਢਾ ਜੀ ਪਾਸੋਂ ਆਪ ਨੇ ਗੁਰਮੁਖੀ ਅੱਖਰ ਸਿੱਖੇ ਅਤੇ ਗੁਰਬਾਣੀ ਦਾ ਅਧਿਐਨ ਕੀਤਾ। ਭਾਈ ਗੁਰਦਾਸ ਜੀ ਆਪ ਦੇ ਸਹਿਪਾਠੀ ਸਨ। ਪਰ "ਇਸ ਵਿੱਚ ਸੰਦੇਹ ਨਹੀਂ ਕਿ ਗੁਰੂ ਅਰਜਨ ਦੇਵ ਸ੍ਰੇਸ਼ਠ ਅਤੇ ਤੀਖਣ ਬੁੱਧੀ ਦੇ ਸੁਆਮੀ ਸਨ, ਇਸ ਲਈ ਉਹ ਬਹੁਤ ਕੁਝ ਅਨੁਭਵ ਦੇ ਸਕੂਲ ਤੋਂ ਪੜ੍ਹੇ ਸਨ। ਇਹ ਅਨੁਭਵ ਕੇਵਲ ਉਨ੍ਹਾਂ ਦੇ ਆਪਣੇ ਜੀਵਨ ਦਾ ਹੀ ਨਹੀਂ ਸੀ, ਸਗੋਂ ਗੁਰੂ ਅਮਰਦਾਸ ਅਤੇ ਗੁਰੂ ਰਾਮਦਾਸ ਦੇ ਸੰਪਰਕ ਵਿੱਚ ਆਉਣ ਵਾਲੇ ਮਹਾਂਪੁਰਸ਼ਾਂ ਦਾ ਅਨੁਭਵ ਵੀ ਗੁਰੂ ਦੇਵ ਦੇ ਚਰਿਤ੍ਰ-ਨਿਰਮਾਣ ਅਤੇ ਵਿਅਕਤਿਤਵ ਦੇ ਵਿਕਾਸ ਵਿੱਚ ਸਹਾਇਕ ਹੋਇਆ।"[11]

ਗੁਰੂ ਜੀ ਨੂੰ ਵਿਰਸੇ ਵਿੱਚ ਹੀ ਅਧਿਆਤਮਿਕ ਵਾਤਾਵਰਣ ਮਿਲਿਆ, ਜਿਸ ਨਾਲ ਉਹਨਾਂ ਦੇ ਆਤਮਿਕ ਮੰਡਲ ਵਿੱਚ ਭਗਤੀ ਭਾਵਨਾ ਦਾ ਸੰਚਾਰ ਨਿਰੰਤਰ ਸੀ। ਉਸ ਪਰਮ ਆਤਮਾ ਦੀ ਸ਼ਾਂਤਮਈ ਟੇਕ ਪ੍ਰਤੱਖ ਸੀ। ਉਹਨਾਂ ਦੀਆਂ ਵਿਚਾਰ ਤਰੰਗਾਂ ਵਿੱਚ ਧਰਮ ਲਈ ਵੇਗਸ਼ੀਲਤਾ ਰਹਿੰਦੀ ਸੀ। ਉਹਨਾਂ ਦਾ ਚਿਤ ਰੂਹਾਨੀਅਤ ਦਾ ਚਸ਼ਮਾ ਸੀ । ਭਾਈ ਵੀਰ ਸਿੰਘ 'ਸ੍ਰੀ ਅਸ਼ਟ ਗੁਰੂ ਚਮਤਕਾਰ' ਵਿੱਚ ਆਪਦੀ ਸ਼ਾਂਤਮਈ ਚਿਤ ਦੀ ਝਲਕ ਦੀ ਕਲਪਨਾਕਾਰੀ ਕਰਦੇ ਲਿਖਦੇ ਹਨ ਕਿ ਗੁਰੂ ਅਰਜਨ ਦੇਵ ਜੀ ਇੱਕ ਵਾਰ ਬਿਆਸ ਦੇ ਕੰਢੇ 'ਤੇ ਅਸ਼ਾਂਤ ਪਾਣੀਆਂ ਦੀ ਤੁਲਨਾ ਮਨ ਦੀ ਅਸ਼ਾਂਤੀ ਨਾਲ ਕਰਦੇ ਹਨ ਕਿ "ਇਹ ਹੈ ਬਿਆਸਾ, 'ਬੇ+ਆਸਾ' = 'ਬਿਨ ਆਸਾ' ਨਾਮ ਵਾਲੀ ਜੋ 'ਬਿਯ +ਆਸਾ' = ਹੋਰ ਹੋਰ ਦੀ ਆਸਾ ਵਿੱਚ ਅਸ਼ਾਂਤ ਹੋ ਵਹਿ ਰਹੀ ਹੈ। ਅਸ਼ਾਂਤੀ ਹੈ ਲਉ ਲਈ ਅਤ੍ਰਿਪਤੀ ਦੀ, ਜਿਉਂ ਜਿਉਂ ਹੋਰ ਮਿਲੇ ਹੋਰ ਵਧੇ।...ਕਿਧਰੋਂ ਸੰਤੋਖ

ਦਾ ਟਿਕਾਉ ਆਵੇ, ਟਿਕੇ, ਨਿੱਤਰੇ ਅਤੇ ਰਸਮਈ ਹੋ ਜਾਏ। ਆਤਮਾ ਦਾਤਾ ਹੈ, ਮਾਯਾ ਗ੍ਰਹਣੀ ਹੈ, ਲੈਂਦੀ ਪਕੜਦੀ ਤੇ ਅਰੱਜ ਹੀ ਰਹਿੰਦੀ ਹੈ।...ਸ਼ਾਂਤਿ ਰਸ, ਹਾਂ ਸ਼ਾਂਤਿ ਰਸ ਹੈ, ਪ੍ਰਭੂ ਦੀ ਪ੍ਰੀਤਿ ਦਾ ਮਾਰਗ।"[12]

ਪਰ ਇਹ ਸ਼ਾਂਤ-ਰਸ ਉਪਜ ਸੰਸਾਰਿਕ ਤਿਆਗ ਨਹੀਂ ਸਗੋਂ "ਨੈਤਿਕ ਸੁਖਵਾਦ" ਸੀ । ਬਾਕੀ ਗੁਰੂ ਸਾਹਿਬਾਂ ਵਾਂਗ ਗੁਰੂ ਸਾਹਿਬ ਨੇ ਵੀ ਗ੍ਰਿਹਸਥ ਆਸ਼ਰਮ ਵਿੱਚ ਪ੍ਰਵੇਸ਼ ਕੀਤਾ। "ਗ੍ਰਸਤਨ ਮਹਿ ਤੂੰ ਬਡੋ ਗ੍ਰਿਹਸਤ" ਨੂੰ ਨਿਭਾਇਆ। ਕਵੀ ਗੁਲਾਬ ਰਾਏ ਨੇ 'ਗੁਰ ਪ੍ਰਣਾਲੀ' ਵਿੱਚ ਲਿਖਿਆ ਹੈ ਕਿ ਆਪ ਜੀ ਦਾ ਵਿਆਹ 1622 ਈ. ਵਿੱਚ ਰਾਮ ਦੇਈ ਨਾਲ ਹੋਇਆ। ਨਿਰਸੰਤਾਨ ਹੋਣ ਕਰਕੇ ਮਾਤਾ ਜੀ ਦੀ ਅਨੁਮਤੀ ਨਾਲ ਆਪ ਦਾ ਦੂਜਾ ਵਿਆਹ ਬੀਬੀ ਗੰਗਾ ਜੀ ਨਾਲ ਸੰਪੰਨ ਹੋਇਆ ਤੇ ਬਾਲਕ ਹਰਿਗੋਬਿੰਦ ਦਾ ਜਨਮ ਹੋਇਆ।

ਸ਼ਾਂਤ ਚਿਤਵਨ ਅਤੇ ਗੁਰੂ ਰਹਿਤ ਮਰਯਾਦਾ ਆਪ ਨੇ ਜੀਵਨ ਭਰ ਨਿਭਾਈ। ਪਿਤਾ ਰਾਮਦਾਸ ਜੀ ਦੀ ਮੌਤ ਸਮੇਂ ਉਹਨਾਂ ਦੀ 'ਦਸਤਾਰਬੰਦੀ' ਦੀ ਘਟਨਾ ਵਿੱਚ ਉਹਨਾਂ ਹਲੀਮੀ ਅਤੇ ਦਾਨਗੀ ਦਰਸਾਈ। ਜਦੋਂ ਵੱਡੇ ਭਰਾ ਪ੍ਰਿਥੀ ਚੰਦ ਪਿਤਾ ਰਾਮਦਾਸ ਦੀ ਮੌਤ ਮਗਰੋਂ ਗੁਰਗੱਦੀ 'ਤੇ ਦਾਅਵਾ ਕਰ ਰਹੇ ਸਨ ਤਾਂ ਪੂਰੀ ਸੰਗਤ ਸਾਹਮਣੇ ਉਹਨਾਂ ਵੱਡੇ ਭਰਾ ਨੂੰ ਸ਼ਾਂਤਮਈ ਤਰੀਕੇ ਨਾਲ ਵਡਿਆਈ ਦਿੱਤੀ। "ਨਿਰਵੈਰਾਂ ਦੇ ਵਰਤਾਉ ਭੋਗ ਪਿਆ ਕੀਰਤਨ ਦਾ ਤੇ ਪੱਗ ਗੁਰੂ ਅਰਜਨ ਦੇਵ ਜੀ ਦੇ ਕਰ-ਕਮਲਾਂ ਤੇ ਮੋਹਰੀ ਜੀ ਹੱਥੀਂ ਧਰੀ ਗਈ। ਤਦ ਆਪ ਉੱਠੇ, ਪੱਗ ਸੰਭਾਲੀ ਤੇ ਪ੍ਰਿਥੀ ਚੰਦ ਜੀ ਪਾਸ ਜਾ ਖੜੋਤੇ, ਸੁਹਣੇ ਸੁਰੀਲੇ ਗਲੇ ਨੇ, ਜਿਸ ਦੇ ਅੰਦਰ ਪਿਆਰ ਹੀ ਪਿਆਰ ਵਾਲਾ ਮਨ ਅਤੇ ਸਰਬੱਤ ਦੇ ਭਲੇ ਦੀ ਸਿਖਯਾ ਦੇਣ ਵਾਲਾ ਹਿਰਦਾ ਵੱਸਦਾ ਸੀ ਆਵਾਜ਼ ਦਿੱਤੀ 'ਵੀਰਨਾ! ਆਹ ਲਉ ਪੱਗ, ਇਹ ਸਜਾਉ ਆਪਣੇ ਸੀਸ ਤੇ। ਧਰਮ ਮੇਘਾਂ ਵਾਲੇ ਦੇ ਸੀਤਲ ਬੱਦਲਾਂ ਵਾਲੇ ਹੱਥਾਂ ਤੋਂ ਠੰਢਾਂ ਦੇ ਮੀਂਹ ਵੱਸ ਰਹੇ ਸਨ। ਸੰਗਤ ਅਸਚਰਜ ਹੋ ਹੋ ਠਰ ਗਈ।" ਠੀਕ ਇਹੋ ਹੀ ਹੈ ਸੱਚਾ ਗੁਰੂ ਜੋ ਗੁਰੂ ਰਾਮਦਾਸ ਸਾਡੇ ਸਿਰਾਂ 'ਤੇ ਕਾਇਮ ਕਰ ਗਏ ਹਨ। ਇਹੋ ਹੈ ਗੁਰੂ ਦੀ ਗੁਰਿਆਈ। ਸੁਹਣੇ ਸਤਿਗੁਰ ਨੇ ਆਪਣੇ ਪਿਆਰੇ ਪਿਤਾ ਦੇ ਅੰਤਮ ਸੰਸਕਾਰ ਵੇਲੇ ਵਾਯੂ ਮੰਡਲ ਨੂੰ ਸ਼ਾਤਿਮਯਤਾ ਤੋਂ ਵਿਗੜਨ ਨਾ ਦਿੱਤਾ, ਦਾਤੇ ਨੇ ਦਾਨ ਦੇ ਕੇ ਠੰਢ ਵਰਤਾ ਦਿੱਤੀ।" ਗੁਰੂ ਬਚਨ ਸੁਖਮਨੀ ਵਿੱਚ ਦਰਜ ਹਨ :

ਉਇ ਦਾਤੇ ਦੁਖ ਕਾਟਨ ਹਾਰ
ਜਾ ਕੈ ਸੰਗਿ ਤਰੈ ਸੰਸਾਰ ॥

ਅਜਿਹੇ ਧੀਰਜ ਤੇ ਹਰਖ ਸ਼ੋਕ ਲੈਸ਼ਤਾ ਰਹਿਤ ਦਿਲ ਦੀ ਮਾਲਕੀ ਸਦਕਾ ਆਪਦੀ ਆਤਮਿਕ ਪ੍ਰਤਿਭਾ ਠੀਕ ਢੰਗ ਨਾਲ ਵਿਕਸਿਤ ਹੋ ਕੇ ਗੁਰੂ ਪਦ ਪ੍ਰਾਪਤ ਕਰਨ ਦੀ ਅਧਿਕਾਰੀ ਬਣੀ।

ਚਹੁ ਪੀੜੀ ਆਦਿ ਜੁਗਾਦਿ ਬਖੀਲੀ ਕਿਨੈ ਨਾ ਪਾਇਓ
ਹਰਿ ਸੇਵਕ ਭਾਇ ਨਿਸਤਾਰਾ ॥[14]

1638 ਬਿ. ਵਿੱਚ ਬਾਬਾ ਬੁੱਢਾ ਜੀ ਨੇ ਮਰਯਾਦਾ ਮੁਤਾਬਕ ਗੁਰੂ ਜੀ ਨੂੰ ਗੁਰੂਗੱਦੀ ਸੌਂਪਣ ਦੀ ਰਸਮ ਕੀਤੀ। ਗੁਰਿਆਈ ਦਾ ਕਰਤੱਵ ਪਾਲਣ ਉਹਨਾਂ ਆਪਣੀ ਜਾਨ ਵਾਰ ਕੇ ਵੀ ਨਿਭਾਇਆ।

ਇਸ ਦੀ ਸੰਭਵਤਾ ਜਿਥੇ ਰੂਹਾਨੀਅਤ ਨਾਲ ਸਿੱਧ ਹੋਈ ਉਥੇ ਉਹਨਾਂ ਦੇ ਜੀਵਨ ਅਮਲ ਵੀ ਅਨੁਸ਼ਾਸ਼ਿਤ ਸਨ। ਉਹਨਾਂ ਦੀ ਨਿੱਤ ਕ੍ਰਿਯਾ ਗੁਰੂ ਮਰਯਾਦਾ ਦੀ ਭਾਂਤੀ ਸੀ। "ਸ੍ਰੀ ਗੁਰੂ ਅਰਜਨ ਦੇਵ ਜੀ ਲਗਭਗ ਪਹਿਰ ਰਾਤ ਰਹਿੰਦੀ ਜਾਗਦੇ ਫਿਰ ਸਰੀਰ ਦੀ ਕ੍ਰਿਯਾ ਇਸ਼ਨਾਨ ਆਦਿ ਸਾਧਕੇ ਚੌਂਕੜਾ ਲਾ ਕੇ ਸੁਖ ਪੂਰਬਕ ਬੈਠ ਜਾਂਦੇ ਤੇ ਆਪਣਾ ਧਿਆਨ ਵਾਹਿਗੁਰੂ ਜੀ ਵਿੱਚ ਜੋੜਕੇ ਅਡੋਲ ਟਿਕ ਜਾਂਦੇ। ਸੁੱਧ ਚੇਤਨ ਪ੍ਰਮਾਤਮ ਦੇਣ ਵਿੱਚ ਮਾਨੋ ਇੱਕ ਰਸ ਲੀਨ ਹੋ ਜਾਂਦੇ। ਫਿਰ ਰਬਾਬੀ ਆ ਜਾਂਦੇ, ਉਹ ਆਸਾ ਦੀ ਵਾਰ

ਲਾਉਂਦੇ ਕੀਰਤਨ ਦੇ ਆਰੰਭ ਹੋਇਆ ਨਗਰ ਦੇ ਪ੍ਰੇਮੀ ਤੇ ਬਾਹਰੋਂ ਆਈਆਂ ਸੰਗਤਾਂ ਆ ਜੁੜਦੀਆਂ ਤੇ ਦੀਵਾਨ ਸਜ ਜਾਂਦਾ। ਰਬਾਬੀ ਸੱਜਣ ਆਸਾ ਦੀ ਵਾਰ ਦੇ ਕੀਰਤਨ ਵਿੱਚ ਸੁੰਦਰ ਰਾਗਾਂ ਵਿੱਚ ਅਨੇਕ ਪ੍ਰਮਾਣ ਗੁਰਬਾਣੀ ਦੇ ਵਿੱਚ ਗਾਉਂਦੇ। ਜਦੋਂ ਦਿਨ ਹੋ ਆਉਂਦਾ ਤੇ ਆਸਾ ਦੀ ਵਾਰ ਦਾ ਭੋਗ ਪੈ ਜਾਂਦਾ ਤਾਂ ਸਤਿਗੁਰੂ ਜੀ ਬਾਹਰ ਆ ਬੈਠਦੇ, ਉਸ ਵੇਲੇ ਜੋ ਕੋਈ ਸਵਾਲੀ, ਕੋਈ ਜਗਯਾਸੂ, ਪਰਮਾਰਥ ਦਾ ਢੂੰਡਾਊ ਆ ਹਾਜ਼ਰ ਹੁੰਦਾ ਉਹ ਆਪਣੇ ਸ਼ੰਕੇ ਦੂਰ ਕਰਾਕੇ ਸਤਿਨਾਮ ਦੇ ਰਸਤੇ ਪੈ ਜਾਂਦਾ। ਦੋ ਪਹਿਰ ਦਿਨ ਚੜ੍ਹੇ ਤੋਂ ਕੁਛ ਪਹਿਲਾਂ ਸੰਦੇਸ਼ ਆਉਂਦਾ ਕਿ ਪ੍ਰਸਾਦ ਤਿਆਰ ਹੈ। ਤਦ ਸੰਗਤ ਸਮੇਤ ਗੁਰੂ ਭਗਵਾਨ ਲੰਗਰ ਵਿੱਚ ਪੰਗਤ ਜਾ ਲਾਉਂਦੇ। ਸਭ ਨੂੰ ਤ੍ਰਿਪਤ ਕਰਕੇ ਆਪ ਉਠਦੇ ਤੇ ਫੇਰ ਆਰਾਮ ਕਰਦੇ। ਲਉਢੇ ਪਹਿਰ ਫੇਰ ਦੀਵਾਨ ਸੱਜਦਾ ਤੇ ਗੁਰਮਤ ਦੀ ਕਥਾ ਹੁੰਦੀ। ਫੇਰ ਸੰਧਯਾ ਸਮੇਂ ਦੀਵਾਨ ਸਜਦਾ, ਕੀਰਤਨ ਹੁੰਦਾ, ਸੋਦਰ ਦੀ ਚਉਕੀ ਆਸਾ ਵਿੱਚ ਹੁੰਦੀ ਫਿਰ ਲੰਗਰ ਹੁੰਦਾ। ਕੀਰਤਨ ਸੋਹਿਲਾ ਕਦੇ ਦੀਵਾਨ ਵਿੱਚ ਸੁਣਦੇ ਕਦੇ ਆਪਣੇ ਗ੍ਰਿਹ ਵਿੱਚ। ਪਹਿਰ ਕੁ ਰਾਤ ਗਈ ਤੇ ਸ੍ਰੀ ਗੁਰੂ ਜੀ ਅਰਾਮ ਕਰਦੇ।"[15]

ਉਹਨਾਂ ਇਸ ਸਾਰੇ ਅਨੁਸ਼ਾਸਨ ਨੂੰ ਬਾਣੀ ਵਿੱਚ 'ਉੱਦਮੁ' ਉਚਾਰਿਆ ਕਿ 'ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆਂ ਸੁਖ ਭੁੰਚੁ॥' ਉਹਨਾਂ ਅਨੁਸਾਰ ਆਚਰਨ ਸੁੱਚਾ ਰੱਖਣ ਲਈ ਕਰੜੀ ਘਾਲਣਾ ਦੀ ਲੋੜ ਤਾਂ ਹੈ ਪਰ ਇਸ ਵਿੱਚ ਸੰਸਾਰ ਤਿਆਗ ਨਹੀਂ ਸਗੋਂ ਵਾਸਨਾ ਤਿਆਗ ਹੈ। ਅਜਿਹਾ ਤਿਆਗੀ ਤੇ ਉੱਚ ਸਦਾਚਾਰੀ ਪੁਰਸ਼ ਵਿਰਲਾ ਹੀ ਹੋ ਸਕਦਾ ਹੈ ਉਹ ਆਪ ਇਸ ਦੇ ਧਾਰਨੀ ਹੋ ਕੇ ਲਿਖਦੇ ਹਨ :

ਲੋਭੁ ਮੋਹੁ ਸਭੁ ਕੀਨੋ ਦੂਰਿ ॥ ਪਰਮ ਬੈਸਨੋ ਪ੍ਰਭ ਪੇਖਿ ਹਜੂਰਿ ॥
ਐਸੋ ਤਿਆਗੀ ਵਿਰਲਾ ਕੋਇ ॥ ਹਰਿ ਹਰਿ ਨਾਮੁ ਜਪੈ ਜਨੁ ਸੋਇ ॥
ਭੈਰਉ ਮ: ੫ (ਆਦਿ ਗ੍ਰੰਥ ਪੰਨਾ ੧੧੪੭)

ਨਾਲ ਹੀ ਗੁਰੂ ਸਾਹਿਬ ਫੁਰਮਾਨ ਕਰਦੇ ਹਨ ਕਿ ਆਚਰਨ ਨੂੰ ਸੁੱਚਾ ਕਰਨ ਲਈ ਸਭ ਤੋਂ ਜ਼ਰੂਰੀ ਘਾਲਣਾ ਰਾਮ ਨਾਮ ਦੀ ਅਰਾਧਨਾ ਹੈ। ਪਰਮਾਤਮਾ ਦਾ ਨਾਮ ਬਹੁਤ ਸੋਹਣਾ ਨਹੀਂ; ਅਤਿ ਦਾ ਸੋਹਣਾ ਹੈ। ਗੁਰੂ ਜੀ ਇਸ ਖੂਬਸੂਰਤੀ ਨੂੰ ਧਾਰਨ ਕਰਨ ਲਈ ਹਰ ਸ਼ਖ਼ਸ ਨੂੰ ਹਦਾਇਤ ਕਰਦੇ ਹਨ:

ਖੂਬੁ ਖੂਬੁ ਖੂਬੁ ਖੂਬੁ ਖੂਬੁ ਤੇਰੋ ਨਾਮੁ ॥
ਝੂਠੁ ਝੂਠੁ ਝੂਠੁ ਝੂਠੁ ਦੁਨੀ ਗੁਮਾਨੁ ॥
ਭੈਰਉ ਮ: ੫ (ਪੰਨਾ ੧੧੩੭)

ਗੁਰ ਅਰਜਨ, ਗੁਰੂ ਨਾਨਕ ਵਿਚਾਰਧਾਰਾ ਦੇ ਸ਼੍ਰੋਮਣੀ ਵਿਆਖਿਆਕਾਰ ਮਹਾਂ ਕਵੀ ਸਨ। ਗੁਰੂ ਸਾਹਿਬ ਦੀ ਸ਼ਖ਼ਸੀਅਤ ਅਧਿਆਤਮਵਾਦ, ਰਹੱਸਵਾਦ ਤੇ ਆਦਰਸ਼ਵਾਦ ਦੀ ਤ੍ਰਿਵੇਣੀ ਸੀ ਉਹ ਉਤਕ੍ਰਿਸ਼ਟ ਬ੍ਰਹਮਗਿਆਨੀ ਸਨ। ਗੁਰਮੁਖਤਾ ਦੇ ਸੰਕਲਪ ਤੇ ਇਸ਼ਟ ਪ੍ਰੇਮ ਇਸ ਦੇ ਮੁੱਖ ਵਹਾਅ ਸਨ। ਗੁਰੂ ਜੀ ਇੱਕ ਮਨੁੱਖ ਦੇ ਰੂਪ ਵਿੱਚ, ਗੁਰਸਿੱਖ ਦੇ ਰੂਪ ਵਿੱਚ, ਸੇਵਕ ਦੇ ਰੂਪ ਵਿੱਚ, ਪੂਰਨ ਮਨੁੱਖ ਸਨ ਪਰ ਆਪ ਏਕਾਂਤ ਸੇਵੀ ਹੀ ਨਹੀਂ ਸਨ ਆਪ ਦੀ ਸ਼ਖ਼ਸੀਅਤ ਦੀ ਸਰਗਰਮੀ ਉਦੋਂ ਸਾਹਮਣੇ ਆਉਂਦੀ ਹੈ ਜਦੋਂ ਤਪੱਸਵੀ, ਸੰਜਮੀ, ਉਦਾਰ, ਪਵ੍ਰਿਤ, ਕਲਾ ਸੰਗੀਤ ਪ੍ਰੇਮੀ ਤੇ ਦਰਸ਼ਨੀ ਵਿਅਕਤੀਤਵ ਦਾ ਦੂਸਰਾ ਪਾਸਾ ਸਾਹਮਣੇ ਆਉਂਦਾ ਹੈ ਜਦੋਂ ਆਪ ਦੀ ਗੁਰੂ ਗ੍ਰੰਥ ਸੰਪਾਦਨਾ, ਧਰਮ ਪ੍ਰਚਾਰ, ਧਰਮ ਅਸਥਾਨਾਂ ਦੀ ਸੇਵਾ ਦਾ ਜ਼ਿਕਰ ਆਉਂਦਾ ਹੈ। ਆਪ ਬਹੁਮੁਖੀ ਸ਼ਖ਼ਸੀਅਤ ਸਨ। ਆਪ ਦੀ ਪੰਥ ਲਈ ਕੁਰਬਾਨੀ ਬੇਮਿਸਾਲ ਹੈ। ਭਾਵੇਂ ਆਪ ਕੋਮਲ ਭਾਵੀ ਭਗਤ ਆਤਮਾ ਸਨ ਪਰ ਕਸ਼ਟਵਾਦੀ ਸਰੀਰਕ ਤਿਆਗ ਲਈ ਸਿਰੜ ਨੂੰ ਵੀ ਸਿਖਰ ਦਿੱਤੀ। ਪਿਆਰਾ ਸਿੰਘ ਪਦਮ ਲਿਖਦੇ ਹਨ "ਉਹਨਾਂ ਧਰਮ ਲਈ ਆਪਣਾ ਬਲੀਦਾਨ ਦੇ ਕੇ ਸੰਸਾਰ ਨੂੰ ਦੱਸ ਦਿੱਤਾ ਕਿ ਇੱਕ ਕੋਮਲ ਕਲਾਕਾਰ ਸਾਮਰਾਜ ਦੀ ਤਲਵਾਰ ਨਾਲ ਕਿਵੇਂ ਲੜ ਸਕਦਾ ਹੈ। ਅਹਿੰਸਾ, ਹਿੰਸਾ ਉੱਤੇ ਕਿਵੇਂ ਫਤਹਿ ਪ੍ਰਾਪਤੀ ਕਰਦੀ ਹੈ ਤੇ ਜ਼ਿੰਦਗੀ ਮੌਤ ਨੂੰ ਕਿਵੇਂ ਆਖਰ ਹਾਰ ਦਿੰਦੀ ਹੈ।"[16]

ਆਪ ਦੀ ਆਦਰਸ਼ ਸ਼ਖ਼ਸੀਅਤ ਭਗਤੀ ਤੇ ਸ਼ਕਤੀ ਦਾ ਸੁਮੇਲ ਸੀ ਜਾਂ ਕਹਿ ਲਿਆ ਜਾਵੇ ਕਿ ਇਹ ਭਗਤੀ ਦੀ ਹੀ ਸ਼ਕਤੀ ਸੀ ਕਿ ਆਪ ਮੌਤ ਰਾਹੀਂ ਵੀ ਅਮਰ ਜੀਵਨ ਦਾ ਸੰਕਲਪ ਦੇ ਗਏ। "ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਆਪਣੀ ਪਵ੍ਰਿਤ ਜਾਤ ਵਿੱਚ ਅੰਤਰਮੁਖੀ ਤੇ ਬਾਹਰਮੁਖੀ ਦੋਹਾਂ ਹੀ ਕਿਸਮ ਦੀਆਂ ਸ਼ਖ਼ਸੀਅਤਾਂ ਦਾ ਇੱਕ ਆਦਰਸ਼ਕ ਤੇ ਅਲੌਕਿਕ ਮੇਲ ਕਾਇਮ ਹੋਇਆ ਦਿਖਾਈ ਦੇਂਦਾ ਹੈ। ਜਿਥੇ ਇੱਕ ਪਾਸੇ ਆਪ ਦੇ ਆਤਮਿਕ ਪਾਵਰ-ਹਾਊਸ ਤੋਂ ਬਾਣੀ ਦੇ ਰੂਪ ਵਿੱਚ ਜੀਵਤ ਬਿਜਲੀਆਂ ਦੇ ਅਸਗਾਹ ਦਰਿਆ ਵਹਿ ਨਿਕਲੇ, ਉਥੇ ਦੂਜੇ ਪਾਸੇ ਆਪ ਆਪਣੀ ਕੌਮ ਦੀ ਉਸਾਰੀ ਉਸਾਰਨ ਵਾਲੇ ਇੱਕ ਮਹਾਨ ਪ੍ਰਬੰਧ ਕਰਤਾ ਤੇ ਕੌਮੀ ਜੱਥੇਬੰਦੀ ਨੂੰ ਜਨਮ ਦੇਣ ਵਾਲੇ ਅਦੁੱਤੀ ਆਗੂ ਸਾਬਤ ਹੋਏ ਹਨ। ਆਪ ਨੇ ਆਪਣੇ ਜੀਵਨ ਕਾਲ ਵਿੱਚ ਬੜੀਆਂ ਬੜੀਆਂ ਸਕੀਮਾਂ ਨੂੰ ਪਹਿਲਾਂ ਆਪਣੀ ਕਲਪਨਾ ਵਿੱਚ ਜਨਮ ਦਿੱਤਾ ਤੇ ਫਿਰ ਪ੍ਰਤੱਖ ਤੌਰ ਤੇ ਉਹਨਾਂ ਨੂੰ ਮੂਰਤੀ ਮਾਨ ਕਰ ਵਿਖਾਇਆ।"[17]

ਇਹਨਾਂ ਸਭ ਕਾਰਨਾਂ ਕਰਕੇ ਹੀ ਸਿੱਖ ਧਰਮ ਵਿੱਚ ਪੰਚਮ ਪਾਤਸ਼ਾਹ ਦੀ ਸ਼ਖ਼ਸੀਅਤ ਕਰਨੀ ਦੇ ਸੂਰੇ ਸਤਿਗੁਰ ਦੇ ਤੌਰ ਤੇ ਸਾਹਮਣੇ ਆਈ। Guru Arjan, the fifth Guru, is the central most figure of the sikh theocracy and by virtue of his unique personality he is the most brilliant star in the galaxy of seers saints and sages.[18]

ਜਿਸ ਤਰ੍ਹਾਂ ਹਰ ਸ਼ਖ਼ਸ ਦੀਆਂ ਜੀਵਨ ਪ੍ਰਸਥਿਤੀਆਂ ਤੇ ਸਮਕਾਲੀ ਸਮਾਂ ਹਾਵੀ ਹੁੰਦਾ ਹੈ ਗੁਰੂ ਸਾਹਿਬ ਨੇ ਵੀ ਇਹ ਪ੍ਰਤੀਕੂਲਤਾਵਾਂ ਵਾਲਾ ਸਮਾਂ ਹੰਢਾਇਆ, ਭਾਵੇਂ ਪਰਿਵਾਰਿਕ ਵਾਤਾਵਰਣ ਅਧਿਆਤਮਕ ਵਿਕਾਸ ਲਈ ਅਨੁਕੂਲ ਸੀ ਪਰ ਆਪ ਦੀ ਜੀਵਨ ਤੌਰ ਵਿੱਚ ਪਹਿਲੀ ਰੁਕਾਵਟ ਪਰਿਵਾਰਿਕ ਇਕਾਈ ਤੋਂ ਹੀ ਉੱਠੀ। ਆਪਦੇ ਆਪਣੇ ਭਰਾ ਪ੍ਰਿਥੀ ਚੰਦ ਨੇ ਹੀ ਤਾ ਉਮਰ ਭਰ ਆਪ ਪ੍ਰਤਿ ਵਿਰੋਧਤਾਵਾਂ ਪੈਦਾ ਕੀਤੀਆਂ ਜੋ ਪੰਥ ਪ੍ਰੇਸ਼ਾਨੀਆਂ ਦਾ ਕਾਰਨ ਵੀ ਬਣੀਆਂ। ਪਰ ਆਪ ਨੇ ਘਰੋਗੀ ਈਰਖਾ ਤੋਂ ਬੇਪਰਵਾਹ ਹੋ ਕੇ ਕਲਾਕਾਰ ਮਨ ਨੂੰ ਕੌਮੀ ਉਸਾਰੀ ਦੇ ਕੰਮ ਵਿੱਚ ਲਾਇਆ। ਸੰਤੋਖਸਰ ਦੀ ਸੇਵਾ ਕਰਵਾਈ ਆਪਣੇ ਪਿਤਾ ਗੁਰੂ ਦੇ ਵਲੋਂ ਅਰੰਭੇ ਰਾਮਦਾਸ ਸਰੋਵਰ ਦੀ ਉਸਾਰੀ ਨੂੰ ਪੂਰਾ ਕਰਵਾਇਆ ਜਿਸ ਨੂੰ ਆਪਣੀ ਨਿੱਜੀ ਕਲਾਤਮਕਤਾ ਤੇ ਕੌਮੀ ਦੂਰ-ਅੰਦੇਸ਼ਿਤਾ ਨਾਲ ਵਿਲੱਖਣ ਬੌਧਿਕ ਕਲਪਨਾਕਾਰੀ ਦਿੱਤੀ। ਉਹਨਾਂ ਦੇ ਮਨ ਵਿੱਚ ਅਜਿਹੇ ਲਾਸਾਨੀ ਮੰਦਰ ਦੀ ਤਸਵੀਰ ਸੀ ਜੋ ਸਿੱਖਾਂ ਦਾ ਪਵਿੱਤਰ ਧਾਰਮਿਕ ਅਸਥਾਨ ਹੀ ਨਹੀਂ ਸਗੋਂ ਸਮੁੱਚੇ ਭਾਈਚਾਰੇ ਤੇ ਮਾਨਵ ਜਗਤ ਲਈ ਸਵਾਗਤ ਧਰਮਸਾਲ ਹੋਵੇ। "ਸਚਮੁੱਚ ਹੀ ਇਹ ਮੰਦਰ ਲਾਸਾਨੀ ਹੈ ਸਾਰੇ ਸ਼ਹਿਰ ਨਾਲੋਂ ਨੀਵੇਂ ਥਾਂ ਤੇ ਸਥਿਤ ਹੈ। ਇਸ ਦੇ ਚਾਰੇ ਪਾਸੇ ਦਰਵਾਜੇ ਰੱਖੇ ਗਏ ਹਨ ਜੋ ਸਾਰੇ ਧਰਮਾਂ ਲਈ ਖੁੱਲੇ ਹਨ ਅਜਿਹੀ ਮਿਸਾਲ ਇਸ ਤੋਂ ਪਹਿਲਾਂ ਕਿਸੇ ਧਰਮ ਦੇ ਇਤਿਹਾਸ ਵਿੱਚ ਨਹੀਂ ਸੀ।[19]

ਗੁਰੂ ਸਾਹਿਬਾਂ ਦੇ ਆਲੇ ਦੁਆਲੇ ਸਮਾਜਿਕ ਵਾਤਾਵਰਣ ਬਹੁਤਾ ਸੁਖਾਵਾਂ ਨਹੀਂ ਸੀ। ਧਾਰਮਿਕ ਸੰਸਥਾਵਾਂ ਗਿਰਾਵਟ ਦੇ ਦੌਰ ਸਨ, ਜਾਤੀਵਾਦ ਤੇ ਫਿਰਕਾਪ੍ਰਸਤੀ ਦਾ ਪ੍ਰਚਲਨ ਸਿਖਰ ਤੇ ਸੀ। ਸਮਾਜਿਕ ਨਿਆਂ ਤੇ ਸੁਰੱਖਿਆ ਦੀ ਕੋਈ ਥਾਂ ਨਹੀਂ ਸੀ। ਸੁਆਰਥੀ ਤੇ ਤਾਕਤਵਰ ਹਾਕਮਾਂ ਦੇ ਜ਼ੁਲਮ ਤੇ ਜਬਰ ਦਾ ਬੋਲਬਾਲਾ ਸੀ। ਮੁਗਲ ਹਕੂਮਤ ਸਮੇਂ ਭਾਰਤੀ ਸਮਾਜ ਦੀ ਸਥਿਤੀ ਦਇਆਯੋਗ ਸੀ। ਕਿਸੇ ਵੀ ਸਮੇਂ ਦੇ ਸਮਾਜ ਦੀ ਸਥਿਤੀ ਸਾਹਿਤ ਬਿਆਨ ਕਰਦਾ ਹੈ। ਗੁਰੂ ਸਾਹਿਬ ਦੇ ਸਮੇਂ ਦੀ ਸਥਿਤੀ ਉਹਨਾਂ ਦੀ ਆਪਣੀ ਹੀ ਰਚਨਾ 'ਗੁਰੂ ਗ੍ਰੰਥ' ਰਾਹੀਂ ਮਿਲਦੀ ਹੈ, ਗ੍ਰੰਥ ਰਚਣ ਤੇ ਸੰਕਲਨ ਦਾ ਮੰਤਵ ਸਮਾਜਿਕ ਪਰਿਵਰਤਨ ਤੇ ਮਾਨਵ ਵਿਕਾਸ ਵੀ ਸੀ।

ਗੁਰੂ ਸਾਹਿਬ ਜਿਥੇ ਅਲੌਕਿਕ ਪ੍ਰਤਿਭਾ ਦੇ ਮਾਲਕ ਸਨ ਉਥੇ ਦੂਰਅੰਦੇਸ਼ ਆਗੂ ਵੀ ਸਨ ਇਸ ਕਰਕੇ ਆਪ ਨੇ ਗੁਰੂ ਸਾਹਿਬਾਂ ਦੀ ਬਾਣੀ ਨੂੰ ਇੱਕ ਗ੍ਰੰਥ ਦੇ ਰੂਪ ਵਿੱਚ ਸੰਪਾਦਨ ਕਰਵਾ ਕੇ ਸਿੱਖ ਕੌਮ ਦੀ ਅਗਵਾਈ ਲਈ ਨਵੀਂ ਰੀਤ ਪਾਈ "ਗੁਰੂ ਗ੍ਰੰਥ ਨ ਕੇਵਲ ਸਿੱਖਾਂ ਜਾਂ ਭਾਰਤ ਦਾ ਹੈ, ਸਗੋਂ ਇਹ ਤਾਂ ਸਮੁੱਚੇ

ਮਨੁੱਖ ਮਾਤਰ ਦਾ ਅਮੁੱਲ ਅਧਿਆਤਮਕ ਵਿਰਸਾ ਹੈ। ਹਰ ਇਨਸਾਨ ਚਾਹੇ ਉਹ ਸੰਸਾਰ ਦੇ ਕਿਸੇ ਵੀ ਕੋਨੇ ਵਿੱਚ ਵੱਸਦਾ ਹੈ, ਕਿਸੇ ਵੀ ਮਜ਼ਹਬ ਲਈ ਪਿਆਰ, ਸਤਿਕਾਰ ਤੇ ਹਮਦਰਦੀ ਰੱਖਦਾ ਹੈ ਇਸ ਤੇ ਮਾਣ ਕਰ ਸਕਦਾ ਹੈ।"[20]

ਭਾਈ ਗੁਰਦਾਸ ਜੀ ਦੀ ਸਹਾਇਤਾ ਨਾਲ 1604 ਈ: ਵਿੱਚ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਦਾ ਕੰਮ ਪੂਰਾ ਕਰਵਾਇਆ। ਇਸ ਦੀ ਰਚਨਾ, ਤਰਤੀਬ ਸੰਕਲਨ ਤੇ ਸੰਪਾਦਨ ਲਈ ਤਾਂ ਕਰੜੀ ਮਿਹਨਤ ਕੀਤੀ ਹੀ ਸਗੋਂ ਮੁੱਢਲੇ ਤੌਰ ਤੇ ਖਰੜੇ ਇਕੱਠੇ ਕਰਨ ਲਈ ਆਪ ਨੇ ਕਈ ਉੱਦਮ ਯਤਨ ਕੀਤੇ। ਬਾਬਾ ਮੋਹਨ ਜੀ ਤੋਂ ਪੋਥੀ ਲੈਣ ਲਈ ਯਤਨ ਕੀਤੇ। ਅਕਬਰ ਬਾਦਸ਼ਾਹ ਤੱਕ ਦੇ ਪ੍ਰਸ਼ਨਾਂ ਦਾ ਹਾਜ਼ਰ ਬਣਨਾ ਪਿਆ ਪਰ ਆਪ ਦੇ ਸਿਰੜ ਸਦਕਾ ਇਸ ਨੂੰ ਬੀੜ ਰੂਪ ਵਿੱਚ ਹਰਿਮੰਦਰ ਵਿੱਚ ਸ਼ੁਸ਼ੋਭਿਤ ਕਰਵਾਇਆ। ਕੈਸੀ ਵਿਲੱਖਣ ਸ਼ਖ਼ਸੀਅਤ ਸੀ ਉਹ ਜਿਸਨੇ ਇਹ ਮਹਾਨ ਸਾਹਿਤਕ ਖਜਾਨੇ ਨੂੰ ਕੌਮ ਦੇ ਸਪੁਰਦ ਕੀਤਾ ਜੋ ਕਿ ਸਿੱਖ ਧਾਰਮਿਕ ਪਰੰਪਰਾ ਤੇ ਅਧਿਆਤਮਕਤਾ ਦੀ ਮਿਸਾਲ ਹੀ ਨਹੀਂ ਸਗੋਂ ਸੰਪੂਰਣ ਮਾਨਵ ਜੀਵਨ ਜਾਚ ਹੈ, ਪਰਮ ਨਿਧਾਨ ਦੀ ਪ੍ਰਾਪਤੀ ਦਾ ਸੋਮਾ ਹੈ ਜਿਸ ਵਿੱਚ ਜੇ ਆਦਰਸ਼ ਮਨੁੱਖ ਤੇ ਸਦਾਚਾਰਕ ਸਮਾਜ ਦੀ ਸੰਕਲਪਨਾ ਹੈ ਤਾਂ ਨਾਲ ਹੀ ਰਾਜਨੀਤਿਕ ਜਥੇਬੰਦੀ ਦੇ ਢਾਂਚੇ, ਮਨੁੱਖੀ ਆਰਥਿਕ ਵਿਕਾਸ ਦੇ ਮਾਰਗ ਵੀ ਦ੍ਰਿਸ਼ਟੀਗੋਚਰ ਹੁੰਦੇ ਹਨ। ਇਤਿਹਾਸ, ਮਿਥਿਹਾਸ, ਸਾਹਿਤ, ਅਤਿ ਦੀ ਕਲਾਤਮਕਤਾ ਨੂੰ ਵੀ ਵਿਗਿਆਨਕ ਤੱਥਾਂ ਰਾਹੀਂ ਸ਼ਿੰਗਾਰਿਆ ਤੇ ਸੰਗੀਤਮਈ ਅਲੰਕਾਰਾਂ ਵਿੱਚ ਸਾਰੇ ਰਸ ਪਾ ਕੇ ਇਕਰਸ ਕਰ ਦਿੱਤਾ ਤੇ ਰੱਬੀ ਨੂਰ ਦੇ ਕੇ ਜਾਤ ਪਾਤ ਦੇ ਵਖਰੇਵਿਆਂ ਨੂੰ ਵੰਗਾਰ ਪਾ ਦਿੱਤੀ।

ਇਸ ਤੋਂ ਇਲਾਵਾ ਆਪ ਨੇ ਬਾਣੀ ਰੂਪ ਵਿੱਚ ਸੁਖਮਨੀ ਦੀ ਸ਼ਾਹਕਾਰ ਰਚਨਾ ਕੀਤੀ, ਬਾਵਨ ਅੱਖਰੀ, ਬਾਰਹਮਾਹ, ਰੁਤੀ, ਥਿਤੀ, ਵਰਗੀਆਂ ਵੱਡ ਅਕਾਰੀ ਰਚਨਾਵਾਂ ਕੀਤੀਆਂ, ਨਾਲ ਹੀ ਪਹਰੇ, ਦਿਨ-ਰੈਣਿ ਬਿਰਹੜੇ, ਗੁਣਵੰਤੀ, ਅੰਜੁਲੀਆਂ ਤੇ ਛੇ ਵਾਰਾਂ, ਚਉਪਦੇ, ਅਸ਼ਟਪਦੀਆਂ, ਛੰਤ, ਸੋਲਹੇ, ਸਲੋਕ, ਲਘੂ ਤੇ ਮੁਕਤਕ ਰਚਨਾਵਾਂ ਦੇ ਤੌਰ ਤੇ ਰਚੀਆਂ।

ਇਹਨਾਂ ਸਭ ਦਾ ਮੂਲ ਭਾਵ ਰੂਹਾਨੀ ਇਕਮਿਕਤਾ ਤੇ ਮੰਤਵ ਸਮਾਜ ਸੁਧਾਰ ਸੀ। ਗੁਰੂ ਸਾਹਿਬਾਂ ਨੇ ਪੂਰੀ ਕੌਮ ਨੂੰ ਸੁਨੇਹਾ ਦਿੱਤਾ ਕਿ ਧਾਰਮਿਕ ਮਨੁੱਖ, ਆਤਮਿਕ ਪੱਧਰ ਤੇ ਤਾਂ ਉੱਚਾ ਹੋਵੇਗਾ ਹੀ ਨਾਲ ਹੀ ਉਸ ਨੂੰ ਉੱਨਤ ਜੀਵਨ ਬਤੀਤ ਕਰਨ ਦਾ ਵੀ ਹੱਕ ਹੈ ਆਰਥਿਕ ਉੱਨਤੀ ਰਾਹੀਂ ਹੀ ਸਮਾਜਿਕ ਨਿਆਂ ਸੰਭਵ ਹੈ।

"Arjan felt that there could be no hope for the social and political regeneration of one people as long as they did not take interest in the development of arts and industries. All classes were declared equal all occupation that were honest were glorified as sacred. There was no prejudice against any trade and profession the Guru patronised and encouraged them, as this was one of the noblest ways of serving the country."[21]

ਜਿਥੇ ਗੁਰੂ ਜੀ ਨੇ ਆਪਣੀ ਕਲਪਨਾ ਤੇ ਦੂਰਅੰਦੇਸ਼ੀ ਰਾਹੀਂ ਕੌਮ ਨੂੰ ਗ੍ਰੰਥ ਤੇ ਧਾਰਮਿਕ ਅਸਥਾਨ ਪ੍ਰਦਾਨ ਕੀਤੇ ਉਥੇ ਆਰਥਿਕ ਪ੍ਰਣਾਲੀ ਦੇ ਤੌਰ ਤੇ ਵੀ ਕੌਮ ਨੂੰ ਸੰਗਠਿਤ ਕੀਤਾ, ਲੰਗਰ ਤੇ ਸੰਗਤ ਵਿੱਚ ਬਰਕਤ ਲਈ 'ਦਸਵੰਧ' ਦਾ ਸਿਧਾਂਤ ਵਰਤਾਇਆ ਤੇ "ਮਸੰਦ ਪ੍ਰਥਾ" ਰਾਹੀਂ ਇਸ ਨੂੰ ਸੰਚਾਲਿਤ ਕੀਤਾ। ਉਹਨਾਂ ਨੇ ਅੰਮ੍ਰਿਤਸਰ ਤੇ ਤਰਨਤਾਰਨ ਸਥਾਨਾਂ ਨੂੰ ਵਪਾਰਕ ਸਥਾਨ ਦੇ ਤੌਰ ਤੇ ਵਿਕਸਿਤ ਕੀਤਾ।

ਗੁਰੂ ਜੀ ਨੂੰ ਗੁਰਗੱਦੀ ਮਿਲਣ ਵੇਲੇ ਅਕਬਰ ਦਾ ਰਾਜ ਸੀ। ਰਾਜਨੀਤਿਕ ਤੌਰ ਤੇ ਸ਼ਾਂਤੀ ਸੀ ਪਰ ਉਸ ਦਾ ਪੁੱਤਰ ਜਹਾਂਗੀਰ ਸਿੱਖਾਂ ਦਾ ਹਮਾਇਤੀ ਨਹੀਂ ਸੀ ਉਸ ਨੇ ਸਿੱਖਾਂ ਦੀ ਧਾਰਮਿਕ ਪ੍ਰਣਾਲੀ ਨੂੰ ਢਾਹ ਲਾਉਣ ਦੀ ਕੋਸ਼ਿਸ਼ ਕੀਤੀ ਉਸ ਦੇ ਹੁਕਮ ਹਾਸਿਲ ਬੀਰਬਲ ਵਰਗੀ ਸਿਆਣੀ ਹਸਤੀ ਨੇ ਵੀ ਆਪ ਦੀ

ਸ਼ਖ਼ਸੀਅਤ ਦਾ ਅੰਦਾਜ਼ਾ ਨਾ ਪਾਇਆ ਤੇ ਖੁਸਰੋ ਦੀ ਸਹਾਇਤਾ ਕਰ ਆਪ ਨੇ ਆਪਣੇ ਸੁਲਹਕੁਨ ਭਾਵ ਨੂੰ ਸਿੱਧ ਕੀਤਾ ਕਿ "ਸਭੁ ਕੋ ਮੀਤੁ ਹਮ ਆਪਨ ਕੀਨਾ"।

ਪਰ ਚੰਦੂ ਦੀਆਂ ਸ਼ਿਕਾਇਤਾਂ ਤੇ ਮੁਗਲ ਬਾਦਸ਼ਾਹ ਜਹਾਂਗੀਰ ਦੇ ਜੁਲਮ ਆਪ ਦੀ ਕੁਰਬਾਨੀ ਦੇ ਕਾਰਨ ਬਣ ਗਏ। ਉਹਨਾਂ ਦੁਆਰਾ ਦਿੱਤੇ ਅਤਿ ਦੇ ਤਸੀਹੇ ਵੀ ਆਪ ਦੇ ਅਡੋਲ ਧਾਰਮਿਕ ਭਾਵ ਤੇ ਸਮਾਜਿਕ ਨਿਆਂ ਦੇ ਸਿਰੜ ਵਿੱਚ ਕੋਈ ਅੰਤਰ ਨਾ ਲਿਆ ਸਕੇ ਕਿਉਂ ਕਿ ਉਹ ਆਤਮ ਜੋਤ ਪ੍ਰਕਾਸ਼ਵਾਨ ਸ਼ਖ਼ਸੀਅਤ ਸੀ ਜਿਸਨੇ ਜੀਅਦਾਨ ਦੇ ਦਿੱਤਾ, ਉਸਨੂੰ ਜੀਵਨ ਦਾਨ ਦੇਣਾ ਬਹੁਤਾ ਔਖਾ ਨਹੀਂ ਲੱਗਿਆ ਇਹ ਉਹਨਾਂ ਦੀ ਧੁਰ ਕੇਂਦਰਿਤ ਰੂਹਾਨੀ ਸ਼ਖ਼ਸੀਅਤ ਦੀ ਸਿਖਰ ਸੀ ਕਿ ਗੁਰੂ ਜੀ ਨੂੰ ਲਗਾਤਾਰ ਪੰਜ ਦਿਨ ਤਸੀਹੇ ਮਿਲਦੇ ਰਹੇ ਕਦੀ ਗਰਮ ਰੇਤ ਪਾਈ ਜਾਂਦੀ, ਕਦੀ ਸਰੀਰ ਤੇ ਉੱਬਲਦਾ ਹੋਇਆ ਪਾਣੀ, ਕਦੀ ਤੱਤੀ ਤਵੀ ਤੇ ਬਿਠਾਇਆ ਜਾਂਦਾ ਤੇ ਕਦੀ ਤਪਦੀ ਰੇਤ ਭਰੀ ਕੜਾਹੀ ਵਿੱਚ ਤੇ ਪੰਜਵੇਂ ਦਿਨ ਉਨ੍ਹਾਂ ਨੂੰ ਗਊ ਦੇ ਚੰਮ ਵਿੱਚ ਮੜ੍ਹਾਏ ਜਾਣ ਦਾ ਹੁਕਮ ਹੋਇਆ। ਗੁਰੂ ਜੀ ਨੇ ਰਾਵੀ ਇਸ਼ਨਾਨ ਦੀ ਇੱਛਾ ਜਾਹਰ ਕੀਤੀ। ਇਸ਼ਨਾਨ ਕਰਕੇ ਜਪੁਜੀ ਦਾ ਪਾਠ ਕੀਤਾ ਤੇ ਆਪ 1606 ਈ: ਨੂੰ ਗੁਰ ਪੁਰੀ ਸਿਧਾਰ ਗਏ। ਭਾਈ ਗੁਰਦਾਸ ਜੀ ਆਪਣੀਆਂ ਵਾਰਾਂ ਵਿੱਚ ਗੁਰੂ ਸਾਹਿਬਾਂ ਦੀ ਮਨੋਸਥਿਤੀ ਦਾ ਵਰਨਣ ਕਰਦੇ ਹਨ ਕਿ ਜਿਵੇਂ ਮਿਰਗ ਸ਼ਿਕਾਰੀ ਦੇ ਹੱਥ ਆਉਣ ਲੱਗਿਆਂ ਸ਼ਿਕਾਰੀ ਦੀ ਘੰਟੀ ਵਿੱਚ ਮਸਤ ਰਹਿੰਦਾ ਹੈ ਤਿਵੇਂ ਗੁਰਦੇਵ ਸ਼ਬਦ ਸੁਰਤ ਵਿੱਚ ਲਿਵਲੀਨ ਰਹੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਵੀ ਮਸਤ ਭੰਵਰੇ ਦੀ ਤਰ੍ਹਾਂ ਸਹਜ ਅਨੰਦ ਵਿੱਚ ਰਹੇ।

ਉਹਨਾਂ ਨੇ ਸਿੱਖ ਇਤਿਹਾਸ ਵਿੱਚ ਕੁਰਬਾਨੀ ਦਾ ਪਿੜ ਬੰਨਿਆ ਤੇ ਸਿੱਖ ਕੌਮ ਨੂੰ ਬਹਾਦਰੀ ਦੀ ਗੁੜ੍ਹਤੀ ਦਿੱਤੀ। "ਗੁਰੂ ਅਰਜਨ ਦੇਵ ਨੇ ਲੋਕ ਹਿੱਤ ਨੂੰ ਸਾਹਮਣੇ ਰੱਖਿਆ ਤੇ ਉਸ ਪ੍ਰਭੂ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਿਆ। ਹੰਕਾਰੀ ਅਤੇ ਜਾਲਮ ਨੂੰ ਵੀ ਸ਼ਾਂਤੀ ਦਾ ਹੀ ਪਾਠ ਪੜ੍ਹਾਇਆ ਅਤੇ ਆਪਣੇ ਜੀਵਨ ਵਿੱਚ ਇਸੇ ਮਾਰਗ ਨੂੰ ਹੀ ਅਪਣਾਇਆ। ਗੁਰੂ ਅਰਜਨ ਦੇਵ ਜੀ ਨੇ ਸਾਂਝੀਵਾਲਤਾ ਦੀ ਨੀਂਹ 'ਲੰਗਰ' ਰਾਹੀਂ ਜਾਰੀ ਰੱਖੀ। ਉਨ੍ਹਾਂ ਦੇ ਵੱਡੇ ਗੁਣ ਸੇਵਾ, ਨਿੰਮ੍ਰਤਾ ਤੇ ਮਾਨਵ ਪ੍ਰੇਮ ਸਨ। ਜਿਸ ਸੱਚਾਈ ਦੇ ਪੌਦੇ ਨੂੰ ਪਹਿਲੀ ਜੋਤ ਨੇ ਲਾਇਆ ਸੀ ਉਸ ਨੂੰ ਪੰਜਵੀਂ ਜੋਤ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤ ਦੀ ਸ਼ਾਂਤਮਈ ਬੂੰਦਾਂ ਪਾ ਕੇ ਪ੍ਰਫੁੱਲਤ ਕੀਤਾ ਅਤੇ ਸਦਾ ਵਾਸਤੇ ਇਸ ਦੀਆਂ ਜੜ੍ਹਾਂ ਪੱਕੀਆਂ ਕਰ ਦਿੱਤੀਆਂ।"[22]

ਜੈਸਾ ਆਪ ਨੇ ਗੁਰੂ ਵਿਰਸਾ ਨਿਭਾਇਆ ਤੈਸੀ ਹੀ ਵਿਰਾਸਤ ਪ੍ਰਦਾਨ ਕੀਤੀ ਆਪ ਦੀ ਗੁਰਗੱਦੀ ਸਪੁੱਤਰ ਹਰਗੋਬਿੰਦ ਨੂੰ ਮਿਲੀ ਤੇ ਗਿਆਰਾਂ ਵਰ੍ਹਿਆਂ ਦੀ ਉਮਰ ਵਿੱਚ ਮੀਰੀ-ਪੀਰੀ ਨਾਲ ਕੌਮੀ ਕਮਾਲ ਕਰ ਵਿਖਾਏ। ਪੋਤਰੇ ਗੁਰੂ ਤੇਗ ਬਹਾਦਰ ਨੇ ਬਲੀਦਾਨ ਦੇ ਕੇ ਇਸ ਪਰੰਪਰਾ ਨੂੰ ਅੱਗੇ ਵਧਾਇਆ ਤੇ ਪੜ-ਪੋਤਰੇ ਗੋਬਿੰਦ ਨੇ ਸਰਬੰਸਦਾਨ ਦੇ ਕੇ ਇਸ ਸਿੱਖ ਧਾਰਮਿਕ ਪਰੰਪਰਾ ਨੂੰ ਅਮਰ ਕੀਤਾ।

ਮੈਕਾਲਫ ਦੇ ਕਥਨ ਅਨੁਸਾਰ "ਗੁਰੂ ਅਰਜਨ ਜੀ ਨੂੰ ਉਹਨਾਂ ਦੀ ਆਪਣੀ ਸ਼ਖ਼ਸੀਅਤ ਸਦਕਾ ਸ਼ਹਾਦਤ ਦਾ ਪਿਆਲਾ ਪੀਣਾ ਪਿਆ।"

ਆਪ ਦੀ ਅਦੁੱਤੀ ਸਹਿਣਸ਼ੀਲਤਾ ਸੀ ਜੋ ਆਪ ਦੇ ਬਚਨਾਂ ਦੀ ਸਾਰਥਕਤਾ ਹੈ।'ਸਸਤ੍ਰਿ ਤੀਖਣਿ ਕਾਟਿ ਡਾਰਿਓ ਮਨਿ ਨ ਕੀਨੋ ਰੋਸੁ', ਸ਼ਾਇਦ ਇਹ ਅਕਹਿ ਤੇ ਅਸਹਿ ਕਸ਼ਟ ਆਮ ਆਦਮੀ ਦੇ ਕਿਆਸ ਤੋਂ ਵੀ ਪਰੇ ਹਨ ਪਰ ਕਿਵੇਂ ਇਨ੍ਹਾਂ ਸਾਰੇ ਕਸ਼ਟਾਂ ਨੂੰ ਆਪ ਨੇ ਖਿੜੇ ਮੱਥੇ ਸਹਾਰਿਆ ਜੈਸੀ ਵਿਸਮਾਦ ਅਵਸਥਾ ਦੇ ਧਾਰਨੀ ਸਨ। ਆਪ ਜਿਸ ਉਚਤਮ ਅਵਸਥਾ ਦੇ ਮਾਲਕ ਸਨ, ਉਸ ਉੱਚਾਈ ਤਕ ਪਹੁੰਚਣ ਲਈ ਅਕਲ ਦੀ ਉਡਾਰੀ ਨਿਰਬਲ ਹੈ। ਇਸ ਨੂੰ ਗੁਰਦੇਵ ਸੁਖਮਨੀ ਦੀ ਅਸ਼ਟਪਦੀ ਵਿੱਚ ਬਿਆਨ ਕਰਦੇ ਹਨ ਕਿ "ਬ੍ਰਹਮ ਗਿਆਨੀ ਕੈ ਧੀਰਜੁ ਏਕ ਜਿਉ ਬਸੁਧਾ ਕੋਊ ਖੋਦੈ ਕੋਊ ਚੰਦਨ ਲੇਪ।"

ਉਹਨਾਂ ਦੀ ਆਪਣੀ ਬਾਣੀ ਨੂੰ ਉਹਨਾਂ ਆਪ ਸਾਰਥਕ ਕਰਕੇ ਵਿਖਾਇਆ। "ਸੰਤ ਕਿਸੇ ਭੇਖ ਦਾ ਨਾਮ ਨਹੀਂ ਸਗੋਂ ਇਸ ਕਿਸਮ ਦੇ ਰੱਬੀ ਜੀਵਨ ਆਚਰਨ ਰੱਖਣ ਵਾਲੇ ਮਹਾਂਪੁਰਖਾਂ ਲਈ ਸੰਤ ਸ਼ਬਦ ਅਸਲ ਅਰਥਾਂ ਵਿੱਚ ਵਰਤਿਆ ਜਾ ਸਕਦਾ ਹੈ ਇਹ ਸਾਰੇ ਲੱਛਣ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਆਪਣੀ ਪਵਿਤ੍ਰ ਸ਼ਖ਼ਸੀਅਤ ਉੱਤੇ ਅੱਖਰ ਅੱਖਰ ਠੀਕ ਘਟਦੇ ਹਨ। ਮਹਾਰਾਜ ਦੀ ਆਪਣੀ ਨਿਰਵੈਰ, ਸਮਦ੍ਰਿਸ਼ਾ ਤੇ ਪਰਉਪਕਾਰੀ ਆਤਮਾ ਦਾ ਇਹ ਜੀਉਂਦਾ ਜਾਗਦਾ ਸਹੀ ਚਿੱਤਰ ਹੈ।"[23]

ਨਿਸ਼ਚਿਤ ਰੂਪ ਵਿੱਚ ਆਪ ਨੂੰ ਆਦਰਸ਼ ਸੰਤ ਸ਼ਖ਼ਸੀਅਤ ਕਿਹਾ ਜਾ ਸਕਦਾ ਹੈ ਜੋ ਕਿ ਸੰਸਾਰ ਭਰ ਵਿੱਚ ਬੇਮਿਸਾਲ ਹੈ।

## ਹਵਾਲੇ ਤੇ ਟਿੱਪਣੀਆਂ


1. The New Encyclopaedia Britannica, Encyclopaedia Britannica Inc. 1994 Page 503
2. ਪ੍ਰੀਤਲੜੀ, ਗੁਰਬਖ਼ਸ਼ ਸਿੰਘ, ਮਨੋਹਰ ਸ਼ਖ਼ਸੀਅਤ, ਅਤਰਚੰਦ ਕਪੂਰ ਐਂਡ ਸੰਨਜ, ਦਿੱਲੀ ਤੇ ਅੰਬਾਲਾ, ਜਨਵਰੀ 1950, ਪੰਨਾ 3, 4, 5
3. Harre, Rom (Editor), Personality, Basil Blackwell Ofxord 1976, Page .40
4. Flewelling, Ralph Tyler, the person or the signfiicance fo Man, the word Ritchie Press; Los Angeles, 1952, Page .84-85
5. The New Encyclopaedia Britannica, Encyclopaedia Britannica Inc. 1994 Page 503
6. Dalip Singh, Eight Divine Jots, B. Chatter Singh Jiwan Singh Publishers, Amritsar 2004 In Prfeace
7. ਗੁਰੂ ਅਰਜਨ ਦੇਵ ਜੀ ਦੀ ਜਨਮ ਤਿੱਥ ਬਾਰੇ ਕਾਫੀ ਮਤਭੇਦ ਹਨ।ਕੇਸਰ ਸਿੰਘ ਛਿੱਬਰ, ਸੰਤੋਖ ਸਿੰਘ, ਗੁਲਾਬ ਸਿੰਘ ਵਰਗੇ ਵਿਦਵਾਨਾਂ ਦੀ ਰਾਏ ਵਿੱਚ 1553 ਈ. ਨੂੰ ਹੀ ਪ੍ਰਮਾਣਿਕਤਾ ਦੇ ਦਿੱਤੀ ਗਈ ਹੈ
8. ਢੀਂਡਸਾ ਰਜਿੰਦਰਜੀਤ ਕੌਰ (ਡਾ.) ਗੁਰੂ ਅਰਜਨ ਦੇਵ ਜੀ ਦਾ ਰਹੱਸਵਾਦ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2000, ਪੰਨਾ 3
9. ਉਹੀ
10. ਆਦਿ ਗ੍ਰੰਥ, ਪੰਨਾ 96
11. ਜੋਗੀ, ਗੁਰਸ਼ਰਨ ਕੌਰ (ਡਾ), ਗੁਰੂ ਅਰਜਨ ਦੇਵ: ਜੀਵਨ ਤੇ ਰਚਨਾ ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ 1988, ਪੰਨਾ 5 .
12. ਭਾਈ ਵੀਰ ਸਿੰਘ (ਡਾ.) ਖਾਲਸਾ ਸਮਾਚਾਰ, ਬਲਬੀਰ ਸਿੰਘ (ਡਾ.) [ਸੰਪਾ] ਹਾਲ ਬਾਜ਼ਾਰ, ਅੰਮ੍ਰਿਤਸਰ, ਫਰਵਰੀ 1968, ਪੰਨਾ 1
13. ਉਹੀ
14. ਆਦਿ ਗ੍ਰੰਥ ਪੰਨਾ 733
15. ਭਾਈ ਵੀਰ ਸਿੰਘ (ਡਾ.), ਬਲਬੀਰ ਸਿੰਘ (ਡਾ.) ਸੰਪਾ., ਖਾਲਸਾ ਸਮਾਚਾਰ, ਹਾਲ ਬਾਜ਼ਾਰ, ਅੰਮ੍ਰਿਤਸਰ, ਫਰਵਰੀ 1968, ਪੰਨਾ 10
16. ਪਦਮ, ਪਿਆਰਾ ਸਿੰਘ, ਸੁਖਮਨੀ ਦਰਸ਼ਨ, ਪੰਨਾ 1
17. ਪ੍ਰੋ. ਹਰੀ ਸਿੰਘ, ਦੈਵੀ ਜੀਵਨ ਗੁਰੂ ਅਰਜਨ ਦੇਵ ਜੀ, ਕਾਦੀਆਂ ਪਬਲਿਸ਼ਰਜ਼ ਅੰਮ੍ਰਿਤਸਰ, ਜਨਵਰੀ 1960, ਪੰਨਾ 99
18. O. P. Ralhan (Ed.), The Great Gurus of the sikh series Guru Arjun Dev, Anmol Publications Pvt. Ltd. New Delhi 1998, Page 1
19. ਢੀਂਡਸਾ ਰਾਜਿੰਦਰਜੀਤ ਡਾ., ਗੁਰੂ ਅਰਜਨ ਦੇਵ ਜੀ ਦਾ ਰਹੱਸਵਾਦ, ਲਾਹੌਰ ਬੁੱਕ ਸ਼ਾਪ, ਲੁਧਿਆਣਾ,2000, ਪੰਨਾ 10
20. ਉਹੀ, ਪੰਨਾ 33

21. O .P. Ralhan (Edi.) The Great Gurus of the sikhs series Guru Arjun Dev, Anmol Publications Pvt. Ltd., New Delhi, 1998, Page .2
22. ਡਾ. ਸ਼ੇਰ ਸਿੰਘ, ਗੁਰਮਤ ਦਰਸ਼ਨ ਪੰਨਾ: 57
23. ਪ੍ਰੋ. ਹਰੀ ਸਿੰਘ, ਦੈਵੀ-ਜੀਵਨ ਗੁਰੂ ਅਰਜਨ ਦੇਵ ਜੀ, ਕਾਦੀਆਂ ਪਬਲਿਸ਼ਰਜ ਅੰਮ੍ਰਿਤਸਰ, ਜਨਵਰੀ 1960, ਪੰਨਾ 182